ਅੰਤਰ ਰਾਸ਼ਟਰੀ ਪੰਜਾਬੀ ਪੀਅਰ ਰੀਵਿਊਡ/ਰੈਫ਼ਰੀਡ ਸਾਹਿਤਕ ਅਤੇ ਖੋਜ ਜਰਨਲ **ਖੋਜਨਾਮਾ**

ISSN: 2584-0509



# ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿੱਚ ਰਸਮੀਂ ਵਿਲੱਖਣਤਾਵਾਂ
## (ਜਨਮ ਅਤੇ ਵਿਆਹ ਦੀਆਂ ਰਸਮਾਂ ਦੇ ਵਿਸ਼ੇਸ਼ ਪ੍ਰਸੰਗ ਵਿੱਚ)



ਡਾ. ਮਨਜੀਤ ਕੌਰ,
ਅਸਿਸਟੈਂਟ ਪ੍ਰੋਫ਼ੈਸਰ
ਪੰਜਾਬ ਯੂਨੀਵਰਸਿਟੀ,
ਰੀਜ਼ਨਲ ਸੈਂਟਰ,
ਸ੍ਰੀ ਮੁਕਤਸਰ ਸਾਹਿਬ,
+9198761-56679

ਮਨੁੱਖ ਨੇ ਆਪਣੀਆਂ ਜੀਵਨ ਜ਼ਰੂਰਤਾਂ ਦੀ ਪੂਰਤੀ ਹਿੱਤ ਭੂਗੋਲਿਕ ਅਤੇ ਸਮਾਜਿਕ ਚੌਗਿਰਦੇ ਨਾਲ ਅਨੁਕੂਲਣ ਬਣਾਈ ਰੱਖਣ ਲਈ ਜੀਵਨ ਵਿਵਹਾਰ ਦੇ ਕੁਝ ਨਿਯਮਾਂ ਦੀ ਸਿਰਜਣਾ ਕੀਤੀ ਹੈ ਜਿਸਨੂੰ 'ਸਭਿਆਚਾਰ' ਦਾ ਨਾਂ ਦਿੱਤਾ ਜਾਂਦਾ ਹੈ। ਮੈਲਿਨੋਵਸਕੀ ਦੇ ਕਥਨ ਅਨੁਸਾਰ, "ਸਭਿਆਚਾਰ ਉਹ ਯੰਤਰ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਲੋੜਾਂ ਪੂਰੀਆਂ ਕਰਦਾ ਹੈ, ਇਨ੍ਹਾਂ ਮੁੱਢਲੀਆਂ ਲੋੜਾਂ ਵਿਚ ਭੁੱਖ-ਪਿਆਸ, ਸੁਰੱਖਿਆ ਅਤੇ ਕਾਮ-ਤ੍ਰਿਪਤੀ ਦੀ ਪੂਰਤੀ ਆ ਜਾਂਦੀਆਂ ਹਨ ਅਤੇ ਇਨ੍ਹਾਂ ਦੀ ਸੰਤੁਸ਼ਟੀ ਮਗਰੋਂ ਗੌਣ ਲੋੜਾਂ ਪੈਦਾ ਹੁੰਦੀਆਂ ਹਨ ਇਨ੍ਹਾਂ ਲੋੜਾਂ ਦੇ ਸਰਵ-ਵਿਆਪਕ ਹੋਣ ਕਰਕੇ ਹੀ ਸਭਿਆਚਾਰ ਵੀ ਸਰਵ-ਵਿਆਪਕ ਹੈ"[1] ਸਭਿਆਚਾਰ ਮਨੁੱਖੀ ਚੇਤਨਾ ਦਾ ਅਟੁੱਟ ਅੰਗ ਹੈ ਅਤੇ ਕਿਸੇ ਵੀ ਸਮਾਜਿਕ ਸਮੂਹ ਦੇ ਜੀਵਨ ਦਾ ਇਕ ਅਹਿਮ ਹਿੱਸਾ ਬਣ ਕੇ ਲਗਾਤਾਰ ਕਾਰਜਸ਼ੀਲ ਰਹਿੰਦਾ ਹੈ। "ਅਸਲ ਵਿਚ ਕੋਈ ਵੀ ਕੌਮ ਜਾਂ ਕੋਈ ਵੀ ਜਨ-ਸਮੂਹ, ਜਿਹੜਾ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਸੱਭਿਆਚਾਰ ਤੋਂ ਸੱਖਣਾ ਨਹੀਂ ਹੁੰਦਾ, ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਤੇ ਕਿਉਂ ਨਾ ਹੋਵੇ, ਇਕ ਜਨ ਸਮੂਹ ਦੇ ਵਿਅਕਤੀ ਵੱਲੋਂ ਦੂਜੇ ਜਨ-ਸਮੂਹ ਜਾਂ ਇਸਦੇ ਕਿਸੇ ਮੈਂਬਰ ਨੂੰ ਸੱਭਿਆਚਾਰ ਤੋਂ ਸੱਖਣਾ ਕਿਹਾ ਜਾਣਾ ਵੀ ਅਸਲ ਵਿਚ ਉਸ ਦੀ ਸੱਭਿਆਚਾਰਕ ਤੌਰ ਉੱਤੇ ਨਿਵੇਕਲੀ ਹੋਂਦ ਨੂੰ ਕਬੂਲ ਕਰਨਾ ਹੀ ਹੁੰਦਾ ਹੈ"[2] ਸਭਿਆਚਾਰ ਵਿਚ ਕਿਸੇ ਵਿਸ਼ੇਸ਼ ਮਨੁੱਖ ਜਾਤੀ ਜਾਂ ਜਨ ਸਮੂਹ ਦੇ ਪੁਰਖਿਆਂ ਦੁਆਰਾ ਆਪਣੇ ਲੋਕ ਸਮੂਹ ਦੀਆਂ ਜੀਵਨ ਲੋੜਾਂ ਨੂੰ ਨਿਯਮਿਤ ਢੰਗ ਨਾਲ ਪੂਰਾ ਕਰਨ ਲਈ ਸਥਾਪਿਤ ਕੀਤੀਆਂ ਗਈਆਂ ਕਦਰਾਂ-ਕੀਮਤਾਂ ਅਤੇ ਜੀਵਨ ਵਿਵਹਾਰ ਦੇ ਵਿਧੀ ਵਿਧਾਨ ਸ਼ਾਮਲ ਹੁੰਦੇ ਹਨ, ਜਿਨ੍ਹਾਂ ਦਾ ਪਾਲਣ ਕਰਨਾ ਉਸ ਜਨ ਸਮੂਹ ਨਾਲ ਸਬੰਧਿਤ ਸਾਰੇ ਵਿਅਕਤੀਆਂ ਲਈ ਜ਼ਰੂਰੀ ਹੁੰਦਾ ਹੈ ਅਤੇ ਇਨ੍ਹਾਂ ਦੀ ਉਲੰਘਣਾ ਕਰਨ ਤੇ ਵਿਅਕਤੀ ਨੂੰ ਆਪਣੇ ਭਾਈਚਾਰੇ ਵੱਲੋਂ ਸਜ਼ਾ ਮਿਲਣ ਦਾ ਡਰ ਬਣਿਆ ਰਹਿੰਦਾ ਹੈ। ਡਰ ਦੀ ਇਹ ਭਾਵਨਾ ਹੀ ਕਿਸੇ ਸਮਾਜ ਦੇ ਸਭਿਆਚਾਰਕ ਮਾਪਦੰਡਾਂ ਨੂੰ ਨਿਯਮਿਤ ਢੰਗ ਨਾਲ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲਦਾ ਰੱਖਣ ਦਾ ਮਹੱਤਵਪੂਰਨ ਸਾਧਨ ਸਾਬਤ ਹੁੰਦੀ ਹੈ।

ਵੱਖ-ਵੱਖ ਸਮਾਜਿਕ ਸਮੂਹਾਂ ਦੇ ਸਭਿਆਚਾਰਕ ਅਧਿਐਨ ਤੋਂ ਉਨ੍ਹਾਂ ਦੇ ਜੀਵਨ ਵਿਹਾਰ ਵਿਚ ਮਿਲਦੀ ਸਭਿਆਚਾਰਕ ਵਿਭਿੰਨਤਾ ਨੂੰ ਪਛਾਣਿਆ ਜਾ ਸਕਦਾ ਹੈ।।ਭਾਰਤੀ ਲੋਕਾਂ



www.khojnama.com khojnamapb03@gmail.com

ਦਾ ਸਭਿਆਚਾਰ ਪੱਛਮੀ ਲੋਕਾਂ ਦੇ ਸਭਿਆਚਾਰ ਨਾਲੋਂ ਬਹੁਤ ਵੱਖਰਾ ਹੈ, ਜਿਵੇਂ ਭਾਰਤੀ ਸਭਿਆਚਾਰ ਵਿਚ ਚਿੱਟਾ ਪਹਿਰਾਵਾ ਸ਼ੋਕ ਦਾ ਪ੍ਰਤੀਕ ਹੈ ਜਦਕਿ ਈਸਾਈ ਸਭਿਆਚਾਰ ਵਿਚ ਚਿੱਟਾ ਪਹਿਰਾਵਾ ਵਿਆਹ ਸਮੇਂ ਪਹਿਨਿਆ ਜਾਂਦਾ ਹੈ ਜਿਹੜਾ ਖ਼ੁਸ਼ੀ ਦਾ ਪ੍ਰਤੀਕ ਹੋ ਨਿਬੜਦਾ ਹੈ। ਇਸੇ ਤਰ੍ਹਾਂ ਸਭਿਆਚਾਰ ਦੇ ਹੋਰ ਪਹਿਲੂਆਂ ਜਿਵੇਂ ਧਰਮ ਪ੍ਰਬੰਧ, ਜਨਮ, ਵਿਆਹ ਅਤੇ ਮੌਤ ਰਸਮਾਂ, ਖਾਣ-ਪੀਣ, ਪਹਿਰਾਵਾ, ਭਾਸ਼ਾ, ਲੋਕ ਸਾਹਿਤ, ਕੰਮ-ਧੰਦੇ, ਲੋਕ ਵਿਸ਼ਵਾਸ ਅਤੇ ਲੋਕ ਕਲਾਵਾਂ ਆਦਿ ਵਿਚ ਵੀ ਵੱਖਰਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਹੋਇਬਲ ਅਨੁਸਾਰ, "ਇਹ ਸੱਭਿਆਚਾਰ ਹੀ ਹੈ ਜੋ ਇਕ ਮਨੁੱਖ ਨੂੰ ਦੂਸਰੇ ਮਨੁੱਖ ਨਾਲੋਂ, ਇਕ ਸਮੂਹ ਨੂੰ ਦੂਜੇ ਸਮੂਹ ਨਾਲੋਂ ਅਤੇ ਇਕ ਸਮਾਜ ਨੂੰ ਦੂਜੇ ਸਮਾਜ ਤੋਂ ਅਲੱਗ ਕਰਦਾ ਹੈ।"[3] ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿਚ ਜ਼ਿਕਰਯੋਗ ਹੈ ਕਿ ਇਕ ਸਭਿਆਚਾਰ ਵਿਚ ਕਈ ਉਪ-ਸਭਿਆਚਾਰ ਹੁੰਦੇ ਹਨ ਅਰਥਾਤ ਇਕ ਖਿੱਤੇ ਜਾਂ ਦੇਸ਼ ਦਾ ਸਭਿਆਚਾਰ ਇਕ ਤੋਂ ਵਧੇਰੇ ਸਭਿਆਚਾਰਾਂ ਦਾ ਮਿਸ਼ਰਨ ਹੁੰਦਾ ਹੈ ਜਿਵੇਂ ਭਾਰਤੀ ਸਭਿਆਚਾਰ। ਇੱਥੇ ਵੱਸਦੇ ਵੱਖ-ਵੱਖ ਵਰਗਾਂ, ਧਰਮਾਂ, ਜਾਤਾਂ ਅਤੇ ਕਬੀਲਿਆਂ ਦਾ ਆਪਣਾ ਵੱਖਰਾ-ਵੱਖਰਾ ਸਭਿਆਚਾਰ ਹੈ। ਉਦਾਹਰਨ ਵਜੋਂ ਪੰਜਾਬੀ ਸਭਿਆਚਾਰ ਦੀਆਂ ਪਰੰਪਰਿਕ ਰੀਤਾਂ-ਰਸਮਾਂ ਰਾਜਸਥਾਨੀ ਜਾਂ ਹਰਿਆਣਵੀ ਸਭਿਆਚਾਰ ਤੋਂ ਬਹੁਤ ਭਿੰਨ ਹਨ।।ਇਸੇ ਤਰ੍ਹਾਂ ਉੱਤਰੀ ਭਾਰਤ ਦਾ ਸਭਿਆਚਾਰ ਦੱਖਣੀ ਭਾਰਤ ਦੇ ਸਭਿਆਚਾਰ ਨਾਲੋਂ ਵੱਖਰਾ ਹੈ। ਸਭਿਆਚਾਰਕ ਸੰਦਰਭ ਵਿਚ ਪੰਜਾਬ ਦੇ ਖੇਤਰ ਦੀ ਗੱਲ ਕੀਤੀ ਜਾਵੇ ਤਾਂ ਇੱਥੇ ਵੀ ਵੱਖ-ਵੱਖ ਸਭਿਆਚਾਰਕ ਪਰੰਪਰਾਵਾਂ ਨੂੰ ਅਪਣਾਉਣ ਵਾਲੇ ਲੋਕ ਰਹਿੰਦੇ ਹਨ ਜਿਸ ਵਿਚ ਵੱਖ-ਵੱਖ ਧਰਮਾਂ, ਜਾਤਾਂ ਅਤੇ ਕਬੀਲਿਆਂ ਦੇ ਲੋਕ ਸ਼ਾਮਲ ਹਨ, ਇਨ੍ਹਾਂ ਵੱਖ-ਵੱਖ ਵਰਗਾਂ, ਜਾਤਾਂ ਅਤੇ ਕਬੀਲਿਆਂ ਦੀ ਸਭਿਆਚਾਰਕ ਵਿਲੱਖਣਤਾ ਕਾਰਨ ਪੰਜਾਬ ਦਾ ਸਭਿਆਚਾਰ ਮਿਸ਼ਰਤ ਸਭਿਆਚਾਰ ਹੋ ਨਿੱਬੜਦਾ ਹੈ।

ਪੰਜਾਬੀ ਸਭਿਆਚਾਰ ਵਿਚ ਖਾਣ-ਪੀਣ, (ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਮੱਖਣ, ਲੱਸੀ, ਦੇਸੀ ਘਰ ਦੀ ਕੱਢੀ ਸ਼ਰਾਬ), ਕੰਮ-ਧੰਦੇ (ਖੇਤੀ, ਪਸ਼ੂ ਪਾਲਣ), ਸੰਦ-ਸਾਧਨ (ਖੂਹ, ਹਲ, ਪੰਜਾਲੀ, ਕਾੜਨੀ, ਕੁੰਡਾ-ਸੋਟਾ), ਪਹਿਰਾਵਾ (ਚਾਦਰਾ-ਕਮੀਜ, ਘੱਗਰਾ, ਫੁਲਕਾਰੀ, ਗਹਿਣੇ), ਲੋਕ ਵਿਸ਼ਵਾਸ, ਰਿਸ਼ਤੇ-ਨਾਤੇ, ਲੋਕ ਧਰਮ, ਰਸਮਾਂ-ਰੀਤਾਂ (ਜਨਮ, ਵਿਆਹ ਤੇ ਮੌਤ ਦੀਆਂ), ਲੋਕ ਕਲਾਵਾਂ, ਲੋਕ ਸਾਹਿਤ, ਲੋਕ ਮਨੋਰੰਜਨ ਦੇ ਸਾਧਨ ਅਤੇ ਪੰਜਾਬੀ ਬੋਲੀ ਆਦਿ ਨੂੰ ਪੰਜਾਬੀ ਸਭਿਆਚਾਰ ਦੇ ਵਿਸ਼ੇਸ਼ ਪਛਾਣ ਚਿੰਨ੍ਹਾਂ ਵਜੋਂ ਸਵਿਕਾਰ ਕੀਤਾ

ਜਾਂਦਾ ਹੈ। ਇਹ ਸਭਿਆਚਾਰਕ ਪਛਾਣ ਬਿੰਦੂ ਵਿਸ਼ੇਸ਼ ਰੂਪ ਵਿਚ ਸਾਡੇ ਪੇਂਡੂ ਸਿੱਖ ਪੰਜਾਬੀ ਭਾਈਚਾਰੇ ਦੇ ਲੋਕਾਂ ਨਾਲ ਜੁੜੇ ਹੋਏ ਹਨ। ਇਸ ਤਰ੍ਹਾਂ ਪੰਜਾਬ ਦੇ ਖੇਤਰ ਵਿਚ ਵਸਦੇ ਪੇਂਡੂ, ਕਿਸਾਨੀ, ਪੰਜਾਬੀ ਭਾਸ਼ਾ ਬੋਲਦੇ ਅਤੇ ਸਿੱਖ ਧਰਮ ਦੀ ਮਰਿਆਦਾ ਨਾਲ ਜੁੜੇ ਹੋਏ ਲੋਕਾਂ ਦੇ ਲੋਕ ਸਭਿਆਚਾਰ ਨੂੰ 'ਪੰਜਾਬੀ ਸਭਿਆਚਾਰ' ਅਤੇ 'ਪੰਜਾਬ ਦੀ ਮੁੱਖ ਧਾਰਾ ਦਾ ਸਭਿਆਚਾਰ' ਜਾਂ 'ਪੰਜਾਬ ਦਾ ਮੁੱਖ ਸਭਿਆਚਾਰ' ਕਿਹਾ ਜਾ ਸਕਦਾ ਹੈ। ਦੂਜੇ ਪਾਸੇ ਸੰਵਿਧਾਨਕ ਤੌਰ 'ਤੇ ਭਾਵੇਂ ਪੰਜਾਬ ਵਿਚ ਕਬੀਲਿਆਂ ਦੀ ਹੋਂਦ ਨੂੰ ਮਾਨਤਾ ਪ੍ਰਾਪਤ ਨਹੀਂ ਹੈ। ਪਰੰਤੂ ਪੰਜਾਬ ਵਿਚ ਕਬੀਲਾ ਸਮੂਹਾਂ ਦੀ ਹੋਂਦ ਨੂੰ ਪ੍ਰਮਾਣਿਤ ਕਰਨ ਲਈ ਭਾਰਤ ਸਰਕਾਰ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਕਰਾਏ ਗਏ ਪੰਜਾਬ ਦੇ ਕਬੀਲਿਆਂ ਸਬੰਧੀ ਸਰਵੇਖਣ ਵਿਚ ਬੌਰੀਆ, ਬਾਜ਼ੀਗਰ, ਬੰਜ਼ਾਰਾ, ਬੰਗਾਲਾ, ਬਰੜ, ਗੰਧੀਲਾ, ਨਟ ਅਤੇ ਸਾਂਸੀ ਵਰਗ ਦੀ ਕਬੀਲੇ ਵਜੋਂ ਪਛਾਣ ਕੀਤੀ ਗਈ ਹੈ। ਇਸੇ ਤਰ੍ਹਾਂ ਕਰਨੈਲ ਸਿੰਘ ਥਿੰਦ ਨੇ ਆਪਣੀ ਪੁਸਤਕ 'ਪੰਜਾਬ ਦਾ ਲੋਕ ਵਿਰਸਾ ਭਾਗ ਪਹਿਲਾ' ਵਿਚ ਪੰਜਾਬ ਵਿਚ ਵੱਸਦੇ ਵੱਖ-ਵੱਖ ਕਬੀਲਿਆਂ ਦੇ ਸਭਿਆਚਾਰਕ ਸਰੂਪ ਬਾਰੇ ਸੰਖੇਪ ਜਾਣਕਾਰੀ ਦਿੱਤੀ ਹੈ, ਇਸ ਤੋਂ ਇਲਾਵਾ ਹਿੰਦੀ ਅਤੇ ਪੰਜਾਬੀ ਸਾਹਿਤ ਦੇ ਖੇਤਰ ਨਾਲ ਜੁੜੇ ਕੁਝ ਵਿਦਵਾਨਾਂ ਨੇ ਵੀ ਪੰਜਾਬ ਦੇ ਵੱਖ-ਵੱਖ ਕਬੀਲਿਆਂ ਦੇ ਸਮਾਜ ਸਭਿਆਚਾਰ ਬਾਰੇ ਜ਼ਿਕਰਯੋਗ ਖੋਜ ਕਾਰਜ ਕੀਤਾ ਹੈ, ਜਿਸ ਨਾਲ ਪੰਜਾਬ ਵਿਚ ਕਬੀਲਾ ਸਮੂਹਾਂ ਦੀ ਹੋਂਦ ਪਕਿਆਈ ਗ੍ਰਹਿਣ ਕਰਦੀ ਹੈ। ਵਰਤਮਾਨ ਦੌਰ ਵਿਚ ਪੰਜਾਬ ਦੀ ਧਰਤੀ 'ਤੇ ਬੌਰੀਆ, ਬਾਜ਼ੀਗਰ, ਨਟ, ਸਿਕਲੀਗਰ, ਸਾਂਸੀ, ਢੇਹਾ, ਗਾਡੀ ਲੁਹਾਰ, ਮਰਾਸੀ, ਗੁੱਜਰ, ਮਹਾਤਮ ਅਤੇ ਬੰਗਾਲਾ ਆਦਿ ਕਬੀਲੇ ਨਿਵਾਸ ਕਰ ਰਹੇ ਹਨ। ਇਨ੍ਹਾਂ ਕਬੀਲਾ ਸਮੂਹਾਂ ਦਾ ਆਪਣਾ ਵੱਖਰਾ ਸਭਿਆਚਾਰਕ ਜੀਵਨ ਪ੍ਰਬੰਧ ਹੈ ਜਿਸ ਦੀ ਪਛਾਣ ਕਬੀਲਾ ਸਮੂਹਾਂ ਦੇ ਵਿਭਿੰਨ ਜੀਵਨ ਪਹਿਲੂਆਂ ਗੁਪਤ ਭਾਸ਼ਾ, ਕੰਮ-ਧੰਦੇ, ਰਸਮਾਂ-ਰੀਤਾਂ, ਨਿਆਂ ਪ੍ਰਬੰਧ, ਲੋਕ ਸਾਹਿਤ, ਲੋਕ ਕਲਾਵਾਂ, ਪਹਿਰਾਵੇ, ਧਾਰਮਿਕ ਮਾਨਤਾਵਾਂ ਅਤੇ ਮਨਾਹੀਆਂ ਆਦਿ ਤੋਂ ਕੀਤੀ ਜਾ ਸਕਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਸਮਕਾਲੀ ਆਧੁਨਿਕੀਕਰਣ ਦੇ ਦੌਰ ਵਿਚ ਪੰਜਾਬ ਵਿਚ ਵੱਸਦੇ ਕਬੀਲਾ ਸਮੂਹ ਸ਼ਹਿਰੀਕਰਨ, ਸੰਚਾਰ ਅਤੇ ਆਵਾਜਾਈ ਦੇ ਸਾਧਨਾਂ ਦੇ ਵਿਕਾਸ, ਸਿੱਖਿਆ ਦੇ ਪਸਾਰ ਅਤੇ ਹੋਰ ਵਰਗਾਂ ਨਾਲ ਕਿੱਤਾਮੁਖੀ ਸਾਂਝ ਵਿਚ ਵਿਚਰਦਿਆਂ ਕਈ ਪੱਖਾਂ ਤੋਂ ਆਪਣੀ ਸਭਿਆਚਾਰਕ ਪਛਾਣ ਬਦਲ ਚੁੱਕੇ ਹਨ, ਜਿਵੇਂ ਕਿ ਕਬੀਲਾ ਲੋਕਾਂ ਦੇ ਵਸੇਬੇ ਸਬੰਧੀ

ਰਵਾਇਤਾਂ, ਬਾਹਰੀ ਲੋਕਾਂ ਨਾਲ ਬੋਲਚਾਲ, ਪਹਿਰਾਵੇ, ਖਾਣ ਪੀਣ ਅਤੇ ਕੰਮ-ਧੰਦਿਆਂ ਆਦਿ ਵਿਚ ਪਰੰਪਰਾ ਨਾਲੋਂ ਸਮਕਾਲੀ ਦੌਰ ਤਕ ਕਾਫ਼ੀ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦਾ ਹੈ, ਪਰੰਤੂ ਫਿਰ ਵੀ ਪੰਜਾਬ ਵਿਚ ਵੱਸਦੇ ਵਿਭਿੰਨ ਕਬੀਲਾ ਸਮੂਹ ਲੰਮੇ ਸਮੇਂ ਤੋਂ ਪੰਜਾਬ ਦੇ ਵਸਨੀਕ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਪੰਜਾਬੀ ਸਭਿਆਚਾਰ ਦੇ ਦਾਇਰੇ ਵਿਚ ਫਿੱਟ ਨਹੀਂ ਕਰਦੇ ਸਗੋਂ ਹੁਣ ਵੀ ਇਹ ਆਪਣੀ ਪਛਾਣ ਰਾਜਪੂਤ ਰਿਆਸਤਾਂ ਅਤੇ ਹੋਰ ਇਤਿਹਾਸਕ ਅਤੇ ਮਿਥਿਹਾਸਕ ਮਿੱਥਾਂ ਨਾਲ ਜੋੜ ਕੇ ਦੇਖਦੇ ਹਨ ਅਤੇ ਇਸ ਵਿਚ ਹੀ ਮਾਣ ਮਹਿਸੂਸ ਕਰਦੇ ਹਨ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਵੱਸਦੇ ਵੱਖ-ਵੱਖ ਕਬੀਲਾ ਸਮੂਹਾਂ ਦਾ ਸਭਿਆਚਾਰਕ ਮੁਹਾਂਦਰਾ ਕਈ ਪੱਖਾਂ ਤੋਂ ਆਪਸ ਵਿਚ ਵੀ ਮੇਲ ਨਹੀਂ ਖਾਂਦਾ ਅਤੇ ਇਹ ਪੰਜਾਬੀ ਸਭਿਆਚਾਰ ਜਾਂ ਮੁੱਖ ਸਭਿਆਚਾਰ ਨਾਲੋਂ ਵੀ ਬਹੁਤ ਵਿੱਲਖਣ ਹੈ, ਜਿਸ ਨੂੰ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਦੇ ਵਿਸ਼ੇਸ਼ ਪਛਾਣ ਚਿੰਨ੍ਹਾਂ ਦੇ ਅਧਿਐਨ ਵਿਚੋਂ ਪਛਾਣਿਆ ਜਾ ਸਕਦਾ ਹੈ। ਹੱਥਲੇ ਖੋਜ ਪੱਤਰ ਦਾ ਵਿਸ਼ਾ ਪੰਜਾਬ ਦੇ ਖਿੱਤੇ ਦੇ ਸੰਦਰਭ ਵਿਚ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਜਨਮ ਅਤੇ ਵਿਆਹ ਸਮੇਂ ਨਿਭਾਈਆਂ ਜਾਂਦੀਆਂ ਵੱਖ-ਵੱਖ ਰਸਮਾਂ ਦੀ ਵਿਲੱਖਣਤਾ ਨੂੰ ਪਛਾਨਣਾ ਹੈ।

ਕਿਸੇ ਸਭਿਆਚਾਰ ਦੀ ਮੂਲ ਵਿਲੱਖਣਤਾ ਉਨ੍ਹਾਂ ਦੁਆਰਾ ਕੀਤੇ ਜਾਂਦੇ ਰਸਮ-ਰਿਵਾਜਾਂ ਤੋਂ ਝਲਕਦੀ ਹੈ। ਇਸੇ ਸੰਦਰਭ ਵਿਚ ਪੰਜਾਬ ਵਿਚ ਵੱਸਦੇ ਕਬੀਲਾ ਸਮੂਹਾਂ ਅਤੇ ਪੰਜਾਬੀ ਸਭਿਆਚਾਰ ਦੀ ਵਿਲੱਖਣਤਾ ਨੂੰ ਇਨ੍ਹਾਂ ਦੇ ਸਭਿਆਚਾਰਕ ਰਸਮ-ਰਿਵਾਜਾਂ ਤੋਂ ਚੰਗੀ ਤਰ੍ਹਾਂ ਸਮਝਿਆ ਜਾ ਸਕਦਾ ਹੈ। ਪੰਜਾਬ ਦੇ ਕਬੀਲਾ ਸਮੂਹਾਂ ਦੇ ਜਨਮ ਅਤੇ ਵਿਆਹ ਨਾਲ ਸਬੰਧਤ ਜ਼ਿਆਦਾਤਰ ਰਸਮ-ਰਿਵਾਜ ਪੰਜਾਬੀ ਸਭਿਆਚਾਰ ਨਾਲੋਂ ਵਿੱਥ ਥਾਪ ਕੇ ਚਲਦੇ ਹਨ ਅਤੇ ਕਾਫ਼ੀ ਭਿੰਨਤਾ ਵਾਲੇ ਹਨ। ਜਨਮ ਨਾਲ ਸਬੰਧਤ ਰਸਮਾਂ ਵਿਚ, ਜਿੱਥੇ ਪੰਜਾਬੀ ਸਭਿਆਚਾਰ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਗੋਦ ਭਰਾਈ ਦੀ ਰਸਮ (ਬੱਚੇ ਦੀ ਆਸ ਹੋਣ ਤੇ ਖੁਸ਼ੀ ਦੀ ਸੂਚਕ ਰਸਮ), ਅੱਖ ਸਲਾਈ ਦੀ ਰਸਮ (ਇਸ ਰਸਮ ਪਿੱਛੋਂ ਗਰਭਵਤੀ ਔਰਤ ਨੂੰ ਸੁਰਮਾ ਪਾਉਣ ਦੀ ਮਨਾਹੀ ਲਾਗੂ ਹੋ ਜਾਂਦੀ ਹੈ), ਮਿੱਠਾ ਬੋਹੀਆ ਭੇਜਣਾ (ਔਰਤ ਦੇ ਪੇਕਿਆਂ ਨੂੰ ਮਿੱਠਾ ਬੋਹੀਆ ਭੇਜ ਕੇ ਲੜਕੀ ਦੇ ਗਰਭਵਤੀ ਹੋਣ ਬਾਰੇ ਦੱਸਣ ਦੀ ਰਸਮ) ਅਤੇ ਗਰਭਵਤੀ ਔਰਤ ਨੂੰ ਪਹਿਲੇ ਬੱਚੇ ਦੇ ਜਨਮ ਸਮੇਂ ਪੇਕੇ ਘਰ ਭੇਜਣ ਦੀ ਰਸਮ ਆਦਿ ਰਸਮਾਂ ਨਿਭਾਈਆਂ

ਜਾਂਦੀਆਂ ਹਨ ਉੱਥੇ ਕਬੀਲਾ ਸਮੂਹਾਂ ਵਿਚ ਬੱਚੇ ਦੇ ਜਨਮ ਤੋਂ ਪਹਿਲਾਂ ਦੀਆਂ ਰਸਮਾਂ ਨਾ-ਮਾਤਰ ਹੀ ਹਨ। ਕਬੀਲਾ ਸਭਿਆਚਾਰ ਵਿਚ ਬੱਚੇ ਦਾ ਜਨਮ ਜ਼ਿਆਦਾਤਰ ਦਾਦਕੇ ਪਰਿਵਾਰ ਵਿਚ ਹੋਣਾ ਸ਼ੁੱਭ ਮੰਨਿਆ ਜਾਂਦਾ ਹੈ ਜਦਕਿ ਪੰਜਾਬੀ ਸਭਿਆਚਾਰ ਵਿਚ ਪਹਿਲੇ ਬੱਚੇ ਦਾ ਜਨਮ ਵਧੇਰੇ ਰੂਪ ਵਿਚ ਨਾਨਕੇ ਘਰ ਹੋਣਾ ਚੰਗਾ ਮੰਨਦੇ ਹਨ। ਬੱਚੇ ਦਾ ਜਨਮ ਪਹਿਲਾਂ ਭਾਵੇਂ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਦਾਈ ਦੀ ਮਦਦ ਨਾਲ ਹੁੰਦਾ ਸੀ, ਪਰੰਤੂ ਸਮਕਾਲੀ ਦੌਰ ਵਿਚ ਪੰਜਾਬੀ ਸਭਿਆਚਾਰ ਦੇ ਲੋਕਾਂ ਵਿਚ ਹੁਣ ਆਮ ਤੌਰ ’ਤੇ ਬੱਚੇ ਦਾ ਜਨਮ ਹਸਪਤਾਲਾਂ ਵਿਚ ਡਾਕਟਰੀ ਸਹਾਇਤਾ ਨਾਲ ਹੁੰਦਾ ਹੈ। ਕਬੀਲਾ ਸਮੂਹ ਅਜੋਕੇ ਦੌਰ ਵਿਚ (ਆਪਣੀ ਆਰਥਿਕਤਾ ਕਰਕੇ ਵੀ) ਵੀ ਦਾਈ ਅਤੇ ਨਰਸਾਂ ਦਾ ਕੰਮ ਕਰਦੀਆਂ ਔਰਤਾਂ ਨੂੰ ਜਣੇਪੇ ਦੌਰਾਨ ਤਰਜੀਹ ਦਿੰਦੇ ਹਨ। ਪੰਜਾਬੀ ਸਭਿਆਚਾਰ ਵਿਚ ਬੱਚੇ ਦਾ ਨਾਮਕਰਨ ਗੁਰੂ ਗ੍ਰੰਥ ਸਾਹਿਬ ਵਿਚੋਂ ਅੱਖਰ ਕਢਵਾ ਕੇ ਕਰਦੇ ਹਨ ਜਦਕਿ ਕਬੀਲਾ ਸਮੂਹਾਂ ਵਿਚ ਬੱਚੇ ਦਾ ਨਾਂ ਕਬੀਲੇ ਦੇ ਕਿਸੇ ਸਿਆਣੇ ਵਿਅਕਤੀ ਦੁਆਰਾ ਸਹਿਜ ਸੁਭਾਅ ਹੀ ਰੱਖ ਦਿੱਤਾ ਜਾਂਦਾ ਹੈ।

ਜਨਮ ਰਸਮਾਂ ਵਿਚ ਬੱਚੇ ਨੂੰ ਬਾਹਰ ਵਧਾਉਣ ਦੀ ਰਸਮ ਵੱਖ-ਵੱਖ ਕਬੀਲਾ ਸਮੂਹਾਂ ਵੱਲੋਂ ਆਪਣੇ ਪਰੰਪਰਿਕ ਢੰਗ ਨਾਲ ਅਦਾ ਕੀਤੀ ਜਾਂਦੀ ਹੈ ਜਿਵੇਂ ਬਾਜ਼ੀਗਰ ਕਬੀਲੇ ਦੇ ਲੋਕ ਇਸ ਦੌਰਾਨ ਆਪਣੇ ਪੁਰਖਿਆਂ ਦੀ ਪੂਜਾ ਕਰਦੇ ਹਨ ਅਤੇ ਜਣੇਪੇ ਦੇ ਪਹਿਲੇ ਐਤਵਾਰ ਹੀ ਇਹ ਰਸਮ ਪੂਰੇ ਵਿਧੀ ਵਿਧਾਨ ਨਾਲ ਸੰਪੂਰਨ ਕਰਦੇ ਹਨ। ਕਬੀਲੇ ਵਿਚ ਬਾਹਰ ਵਧਾਉਣ ਦੀ ਰਸਮ ਨੂੰ ‘ਚੌਕੇ ਚਾਉੜ੍ਹਣ’ ਦੀ ਰਸਮ ਕਿਹਾ ਜਾਂਦਾ ਹੈ। ਇਸ ਰਸਮ ਦੌਰਾਨ ਚੌਕੇ ਨੂੰ ਗਾਂ ਦੇ ਗੋਹੇ ਨਾਲ ਲਿੱਪ ਪੋਚ ਕੇ ਧੂਫ਼ ਦਿੱਤੀ ਜਾਂਦੀ ਹੈ। ਫਿਰ ਜੱਚਾ ਔਰਤ ਅਤੇ ਬੱਚੇ ਨੂੰ ਨਹਾ ਕੇ ਚੌਂਕੇ ਤੇ ਬਿਠਾਇਆ ਜਾਂਦਾ ਹੈ। ਇਸ ਤੋਂ ਬਾਅਦ ਕਬੀਲੇ ਦੀ ਸਿਆਣੀ ਔਰਤ ਵੱਲੋਂ, ਬੱਚੇ ਨੂੰ ਆਟੇ ਨਾਲ ਬਣਾਇਆ ਅਤੇ ਦੇਸੀ ਘਿਓ ਪਾ ਕੇ ਜਗਾਇਆ ਦੀਵਾ ਦਿਖਾਉਣ ਦੀ ਰਸਮ ਨਿਭਾਈ ਜਾਂਦੀ ਹੈ। ਦੀਵਾ ਦਿਖਾ ਕੇ ਬੱਚੇ ਨੂੰ ਰੌਸ਼ਨੀ ਦੇ ਰੂਬਰੂ ਕਰਨ ਦੇ ਨਾਲ-ਨਾਲ ਇਸ ਰਸਮ ਨੂੰ ਬੱਚੇ ਦੀ ਨਜ਼ਰ ਟਿਕਾਉਣ ਨਾਲ ਵੀ ਜੋੜਿਆ ਜਾਂਦਾ ਹੈ। “ਇਸ ਸਮੇਂ ਬੱਚੇ ਦੀ ਮਾਂ ਦੇ ਸਿਰ ’ਤੇ ਪਾਣੀ ਦੀ ਗੜਵੀ ਭਰ ਕੇ ਰੱਖੀ ਜਾਂਦੀ ਹੈ ਜਿਸ ਨੂੰ ‘ਘੜੋਲੀ’ ਕਿਹਾ ਜਾਂਦਾ ਹੈ। ਇਸ ਰਸਮ ਵੇਲੇ ਉਸਦੀ ਜੀਭ ਨੂੰ ਗਊ ਮੂਤਰ ਵੀ ਛੁਹਾਇਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿਚ ਗਊ ਮੂਤਰ ਨੂੰ ਸ਼ਰੀਰਕ ਸ਼ੁੱਧੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਤਰ੍ਹਾਂ ਬਾਹਰ ਵਧਾਉਣ ਦੀ ਰਸਮ ਪੂਰੀ

ਹੋਣ ਉਪਰੰਤ ਪਰਿਵਾਰ ਦੀ ਸਿਆਣੀ ਔਰਤ ਅਤੇ ਦਾਈ ਵੱਲੋਂ ਤਿਆਰ ਕੀਤਾ 'ਗੁਲੜ ਪ੍ਰਸ਼ਾਦ' ਕਬੀਲੇ ਦੇ ਬੱਚਿਆਂ ਵਿਚ ਵੰਡਿਆ ਜਾਂਦਾ ਹੈ।"[4] ਸਾਂਸੀ ਕਬੀਲੇ ਵਿਚ ਬੱਚੇ ਨੂੰ ਬਾਹਰ ਵਧਾਉਣ ਦੀ ਰਸਮ ਸਮੇਂ "'ਪੰਜਵੀਂ ਛਟੀ' ਅਰਥਾਤ ਜਨਮ ਤੋਂ ਪੰਜਵੇਂ ਦਿਨ ਨਵੇਂ ਜੰਮੇ ਬੱਚੇ ਨੂੰ ਨਹਾਇਆ ਜਾਂਦਾ ਹੈ। ਜਨਮ ਤੋਂ ਤੇਰ੍ਹਵੇਂ ਦਿਨ ਬੱਚੇ ਦੀ ਮਾਂ ਤੇਰ੍ਹਵਾਂ ਨਹਾਉਂਦੀ ਹੈ। ਬੱਚੇ ਅਤੇ ਉਸਦੀ ਮਾਂ ਨੂੰ ਨਹਾਉਣ ਤੋਂ ਪਿੱਛੋਂ ਨਵੇਂ ਕੱਪੜੇ ਪੁਆਏ ਜਾਂਦੇ ਹਨ। ਜੱਚਾ ਔਰਤ ਉੱਪਰ ਲਾਲ ਰੰਗ ਦੀ ਫੁਲਕਾਰੀ ਦਿੱਤੀ ਜਾਂਦੀ ਹੈ। ਉਹ ਬੱਚੇ ਨੂੰ ਚੁੱਕ ਕੇ ਕਮਰੇ ਤੋਂ ਬਾਹਰ ਆ ਕੇ ਚੌਂਕੇ ਵਿਚ ਬੈਠਦੀ ਹੈ। ਉਸਦੀ ਝੋਲੀ ਵਿਚ ਬੁੱਕ ਕੁ ਅਨਾਜ ਦੇ ਦਾਣੇ ਹੁੰਦੇ ਹਨ ਜੋ ਜਣੇਪੇ ਵਾਲੇ ਕਮਰੇ ਵਿਚੋਂ ਨਿਕਲਦੇ ਸਮੇਂ ਉਸ ਦੀ ਛੱਤ ਉੱਪਰ ਸੁੱਟ ਦਿੰਦੀ ਹੈ। ਜਿਹਨਾਂ ਨੂੰ ਪੰਛੀ ਚੁਗ ਲੈਂਦੇ ਹਨ। ਉਸ ਦਿਨ ਸੱਤ ਫੁਲਕੇ ਪਕਾ ਕੇ ਜੱਚਾ ਔਰਤ ਦੀ ਝੋਲੀ ਵਿਚ ਪਾਏ ਜਾਂਦੇ ਹਨ। ਕੁਝ ਫੁਲਕੇ ਉਹ ਉਸੇ ਸਮੇਂ ਖਾ ਲੈਂਦੀ ਹੈ ਅਤੇ ਕੁਝ ਰੱਖ ਲੈਂਦੀ ਹੈ। ਇਹ ਸਾਰੇ ਫੁਲਕੇ ਉਸ ਨੇ ਉਸੇ ਦਿਨ ਹੀ ਖਾਣੇ ਹੁੰਦੇ ਹਨ। ... ਸਵਾ ਮਹੀਨੇ ਬਾਅਦ ਜਣੇਪੇ ਵਾਲੀ ਔਰਤ ਨੂੰ ਕਿਸੇ ਖੂਹ, ਤਲਾ, ਟੋਭੇ ਜਾਂ ਨਦੀ ਨਾਲੇ ਦੇ ਕਿਨਾਰੇ ਲਿਜਾ ਕੇ ਜਲ ਨੂੰ ਮੱਥਾ ਟਿਕਾਇਆ ਜਾਂਦਾ ਹੈ। ਅੱਜ ਕਲ ਘਰ ਵਿਚ ਲੱਗੇ ਨਲਕੇ ਨੂੰ ਹੀ ਜਣੇਪੇ ਵਾਲੀ ਔਰਤ ਮੱਥਾ ਟੇਕ ਕੇ ਮੌਲੀ ਦੇ ਕੁਝ ਤੰਦ ਉਸਨੂੰ ਬੰਨ੍ਹ ਦੇਂਦੀ ਹੈ।"[5] ਗਾਡੀ ਲੁਹਾਰ ਕਬੀਲੇ ਵਿਚ "ਸੂਤਕ ਸ਼ੁੱਧੀ ਲਈ 'ਛਟੀ ਪੂਜਣ' ਕੀਤਾ ਜਾਂਦਾ ਹੈ। ਜਚਾ ਨੂੰ ਨਹਾਉਣ ਸਮੇਂ ਬਾਲ ਦੇ ਵਜ਼ਨ ਬਰਾਬਰ ਅਨਾਜ, ਚੌਲ, ਪਲਾਅ, ਸ਼ਰਾਬ, ਮਾਸ ਆਦਿ ਭੈਰੋਂ ਨਮਿਤ ਪਕਾ ਕੇ ਕਬੀਲਾ ਪਰਿਵਾਰਾਂ ਨੂੰ ਖੁਆਇਆ ਜਾਂਦਾ ਹੈ। ਸੂਤਕ ਸ਼ੁਧੀ ਲਈ ਕਈ ਗੋਤਰਾਂ ਦੀਆਂ ਇਸਤਰੀਆ ਨਦੀ ਤੇ ਪਾਣੀ ਭਰਨ ਜਾਂਦੀਆਂ ਹਨ। ਇਸ ਰਸਮ ਸਮੇਂ ਕੁਝ ਘੁੰਗਣੀਆਂ ਨਦੀ ਵਿਚ ਪਾ ਦਿੱਤੀਆਂ ਜਾਂਦੀਆਂ ਹਨ, ਬਾਕੀ ਘੁੰਗਣੀਆਂ ਵੰਡ ਦਿੱਤੀਆਂ ਜਾਂਦੀਆਂ ਹਨ। ਕਬੀਲੇ ਦੀਆਂ ਕੁਝ ਗੋਤਰਾਂ ਵਿਚ ਸੂਤਕ ਸ਼ੁੱਧੀ ਦੇ ਦਿਨ ਭੈਰੋਂ ਨਮਿਤ 'ਤੇਲ ਚੜ੍ਹਾਉਣ ਦੀ ਰਸਮ' ਵੀ ਕੀਤੀ ਜਾਂਦੀ ਹੈ। ਜਚਾ ਅਤੇ ਬੱਚਾ ਦਾ ਹੱਥ ਲੁਆ ਕੇ ਚੂਰਮੇਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਪ੍ਰਸ਼ਾਦ ਘਰ ਮੋੜ ਕੇ ਲੈ ਆਉਣਾ ਨਿਸ਼ੇਧ ਹੈ। ਜਚਾ ਬੱਚੇ ਦੇ ਸਿਰ ਉੱਤੋਂ ਸੱਤ ਰੋੜੇ (ਵਾਰ ਕੇ) ਸਿੱਟ ਕੇ ਕਹਿੰਦੀ ਹੈ ਕਿ 'ਬੱਚੇ ਨੂੰ ਰੁਆਈਂ ਨਾ ਸੁਆਈ ਰਖੀਂ' ਕਬੀਲੇ ਵਿਚ ਇਸ ਰਸਮ ਨੂੰ 'ਰੋਵਣੀਆਂ ਸੋਵਣੀਆਂ' ਕਹਿੰਦੇ ਹਨ।"[6] ਇਸੇ ਤਰ੍ਹਾਂ ਬੌਰੀਆ ਕਬੀਲੇ ਵਿਚ ਬੱਚੇ ਨੂੰ ਬਾਹਰ ਵਧਾਉਣ ਦੀ ਰਸਮ ਦੌਰਾਨ ਜਲ ਦੀ ਪੂਜਾ ਕੀਤੀ ਜਾਂਦੀ ਹੈ। ਬੌਰੀਆ ਕਬੀਲੇ ਵਿਚ ਮੁੰਡੇ ਦਾ ਜਨਮ ਹੋਣ ਦੀ ਸੂਰਤ

ਵਿਚ ਪਰਿਵਾਰ ਦੇ ਦੇਹਰੇ ਨੂੰ ਬੱਕਰੇ ਦੀ ਬਲੀ ਦੇਣ ਦੀ ਪ੍ਰਥਾ ਜ਼ਰੂਰ ਨਿਭਾਈ ਜਾਂਦੀ ਹੈ। ਕਬੀਲਾ ਸਮੂਹਾਂ (ਵਿਸ਼ੇਸ਼ ਕਰ ਬੌਰੀਆ ਅਤੇ ਸਾਂਸੀ ਕਬੀਲਾ) ਵਿਚ ਬੱਚੇ ਦੀ ਛਟੀ ਕਰਨ ਦੀ ਰਸਮ ਦੌਰਾਨ ਮਾਸ ਅਤੇ ਸ਼ਰਾਬ ਦੀ ਬਹੁਤ ਵਰਤੋਂ ਕੀਤੀ ਜਾਂਦੀ ਹੈ। ਅਜਿਹਾ ਰੁਝਾਨ ਪੰਜਾਬੀ ਸਭਿਆਚਾਰ ਵਿਚ ਵੀ ਵੇਖਣ ਨੂੰ ਮਿਲਦਾ ਹੈ, ਪਰੰਤੂ ਇਹ ਸਿਰਫ਼ ਖੁਸ਼ੀ ਨਾਲ ਜੁੜਿਆ ਹੋਇਆ ਹੈ ਧਾਰਮਿਕ ਮਾਨਤਾ ਨਾਲ ਨਹੀਂ। ਇਸਦੇ ਨਾਲ ਹੀ ਵੱਖ-ਵੱਖ ਕਬੀਲਾ ਸਮੂਹਾਂ ਵਿਚ ਤੀਜੇ, ਪੰਜਵੇਂ, ਸੱਤਵੇਂ ਜਾਂ ਸਵਾ ਮਹੀਨੇ ਬਾਅਦ ਬੱਚੇ ਨੂੰ ਬਾਹਰ ਵਧਾਇਆ ਜਾਂਦਾ ਹੈ। ਪੰਜਾਬੀ ਸਭਿਆਚਾਰ ਵਿਚ ਵੱਖ-ਵੱਖ ਵਰਗਾਂ ਵਿਚ ਬੱਚੇ ਨੂੰ ਬਾਹਰ ਵਧਾਉਣ ਲਈ ਪੰਜਵਾਂ, ਸੱਤਵਾਂ, ਇੱਕੀਵਾਂ ਜਾਂ ਸਵਾ ਮਹੀਨਾ ਮਿੱਥਿਆ ਜਾਂਦਾ ਹੈ ਅਤੇ ਆਪਣੇ ਵਿਸ਼ੇਸ਼ ਪਰੰਪਰਿਕ ਵਿਧੀ ਵਿਧਾਨ ਅਤੇ ਰਸਮਾਂ ਨਾਲ ਇਹ ਰਸਮ ਅਦਾ ਕੀਤੀ ਜਾਂਦੀ ਹੈ। ਪੰਜਾਬੀ ਸਭਿਆਚਾਰ ਵਿਚ ਜੱਚਾ ਬੱਚਾ ਨੂੰ ਬਾਹਰ ਵਧਾਉਣ ਦੀ ਰਸਮ ਦੌਰਾਨ 'ਅੰਮ੍ਰਿਤ ਛਕਾਉਣ' ਅਤੇ 'ਕੰਨਿਆ ਨੂੰ ਭੋਜਨ ਕਰਾਉਣ' ਦੀ ਰਸਮ ਪ੍ਰਮੁੱਖ ਸਥਾਨ ਰੱਖਦੀਆਂ ਹਨ।

ਬੱਚੇ ਦੀ ਪਹਿਲੀ ਵਾਰ 'ਝੰਡ ਉਤਾਰਨ' ਦੀ ਰਸਮ ਕਬੀਲਾ ਸਮੂਹਾਂ ਵੱਲੋਂ ਪੰਜਾਬੀ ਸਭਿਆਚਾਰ ਨਾਲੋਂ ਵੱਖਰੇ ਢੰਗ ਨਾਲ ਕੀਤੀ ਜਾਂਦੀ ਹੈ ਜਿਵੇਂ ਸਿਕਲੀਗਰ ਕਬੀਲੇ ਵਿਚ ਪੁਰਖਿਆਂ ਦਾ ਖਿਣ ਉਤਾਰਨ ਨਮਿੱਤ ਬੱਕਰੇ ਦੀ ਬਲੀ ਦੇ ਕੇ ਜਾਂ ਪੰਜ ਕਿਲੋ ਦੇਸੀ ਘਿਓ ਦੀ ਚੂਰੀ ਤੇ ਨਰੇਲ ਚੜ੍ਹਾ ਕੇ ਝੰਡ ਉਤਾਰਾਉਂਦੇ ਹਨ। ਇਸੇ ਤਰ੍ਹਾਂ ਮਹਾਤਮ ਕਬੀਲੇ ਵਿਚ ਬੱਚੇ ਦੀ ਝੰਡ (ਜੋ ਅਕਸਰ ਬੱਚੇ ਦੀ ਭੂਆ ਵੱਲੋਂ ਹੀ ਉਤਾਰੀ ਜਾਂਦੀ ਹੈ) ਮਿੱਟੀ ਦੇ ਛੋਟੇ ਭਾਂਡੇ ਵਿਚ ਪਾ ਕੇ ਤੇ ਢੱਕ ਕੇ ਦਾਣਿਆਂ ਵਾਲੇ ਭੜੋਲੇ ਵਿਚ ਸਾਂਭ ਲੈਂਦੇ ਹਨ ਜਾਂ ਜਮੀਨ ਵਿਚ ਦੱਬ ਦਿੰਦੇ ਹਨ। ਜਦਕਿ ਪੰਜਾਬੀ ਸਭਿਆਚਾਰ ਤੇ ਹੋਰ ਜਾਤਾਂ ਨਾਲ ਸਬੰਧਤ ਵਰਗ ਆਪਣੇ ਬੱਚਿਆਂ ਦੀ ਝੰਡ ਕਿਸੇ ਤੀਰਥ ਸਥਾਨ 'ਤੇ ਜਾ ਕੇ ਲੁਹਾਉਂਦੇ ਹਨ ਜਾਂ ਪੰਡਿਤ ਦੁਆਰਾ ਇਹ ਰਸਮ ਅਦਾ ਕੀਤੀ ਜਾਂਦੀ ਹੈ। ਪੰਜਾਬੀ ਸਭਿਆਚਾਰ ਵਿਚ ਸਿੱਖ ਧਰਮ ਦੀ ਪਾਲਣਾ ਕਰਨ ਵਾਲੇ ਲੋਕ ਕੇਸਾਂ ਨੂੰ ਕੱਟਣਾ ਨਿਸ਼ੇਦ ਮੰਨਦੇ ਹਨ ਜਦਕਿ ਕੁਝ ਲੋਕਾਂ ਵਿਚ ਬੱਚੇ ਦੇ ਸਵਾ ਮਹੀਨੇ ਦਾ ਹੋਣ ਪਿੱਛੋਂ ਆਪ ਹੀ ਵਾਲ ਕੱਟ ਕੇ ਸਾਂਭ ਲਏ ਜਾਂਦੇ ਹਨ। ਕਬੀਲਾ ਸਮੂਹਾਂ ਅਤੇ ਪੰਜਾਬੀ ਸਭਿਆਚਾਰ ਦੇ ਲੋਕਾਂ ਦੇ ਨਾਵਾਂ ਦਾ ਵੀ ਬਹੁਤ ਵੱਡਾ ਫ਼ਰਕ ਦ੍ਰਿਸ਼ਟੀਗੋਚਰ ਹੁੰਦਾ ਹੈ ਜਿਸ ਵਿਚ ਕਬੀਲਾ ਸਮੂਹ ਆਪਣੇ ਬੱਚਿਆਂ ਦੇ ਨਾਂ ਛੋਟੇ ਅਤੇ ਕਬੀਲਾਈ ਬੋਲੀ ਵਾਲੇ ਹੀ ਰੱਖਦੇ ਰਹੇ ਹਨ ਪਰੰਤੂ ਪੰਜਾਬੀ ਸਭਿਆਚਾਰ

ਵਿਚ ਸਿੱਖ ਧਰਮ ਦੀ ਮਰਿਆਦਾ ਅਨੁਸਾਰ ਨਾਮ ਰੱਖੇ ਜਾਂਦੇ ਹਨ ਜਿਨ੍ਹਾਂ ਵਿਚ ਸਮੇਂ ਅਨੁਸਾਰ ਬਦਲਦੀਆਂ ਜੀਵਨ ਪ੍ਰਸਥਿਤੀਆਂ ਵਿਚ ਆਧੁਨਿਕਤਾ ਦਾ ਰੂਪ ਵੀ ਦਿਖਾਈ ਦਿੰਦਾ ਹੈ। ਅਜੋਕੇ ਸਮੇਂ ਪੰਜਾਬ ਵਿਚ ਵੱਸਦੇ ਕਬੀਲਾ ਸਮੂਹਾਂ ਵਿਚ ਵੀ ਬੱਚਿਆਂ ਦੇ ਨਾਂ ਸਿੱਖ ਧਰਮ ਦੇ ਪ੍ਰਭਾਵ ਦੇ ਜ਼ਿਆਦਾ ਨੇੜੇ ਹਨ ਅਤੇ ਕਬੀਲਾ ਲੋਕਾਂ ਦੁਆਰਾ ਲੜਕੇ ਅਤੇ ਲੜਕੀ ਦਾ ਨਾਂ ਕ੍ਰਮਵਾਰ 'ਸਿੰਘ' ਅਤੇ 'ਕੌਰ' ਸ਼ਬਦ ਲਾ ਕੇ ਰੱਖ ਲਿਆ ਜਾਂਦਾ ਹੈ।

ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਜੱਚਾ-ਬੱਚਾ ਨੂੰ ਬਦਰੂਹਾਂ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਓਹੜ ਪੋਹੜ ਕੀਤੇ ਜਾਂਦੇ ਹਨ ਭਾਵੇਂ ਇੰਨ੍ਹਾਂ ਦੇ ਵਿਧੀ ਵਿਧਾਨ ਵਿਚ ਕੁਝ ਭਿੰਨਤਾ ਹੀ ਹੋਵੇ ਜਿਵੇਂ ਬੂਹੇ ਅੱਗੇ ਧੂਣਾ ਲਾਉਣਾ, ਸਿਰਹਾਣੇ ਪਾਣੀ ਅਤੇ ਅਨਾਜ ਰੱਖਣਾ, ਸਿਰਹਾਣੇ ਕੋਈ ਲੋਹੇ ਦੀ ਵਸਤ ਰੱਖਣੀ, ਘਰ ਵਿਚ ਕਿਸੇ ਓਪਰੇ ਵਿਅਕਤੀ ਅਤੇ ਰੱਖ ਵਾਲੇ ਵਿਅਕਤੀ ਦੇ ਆਉਣ ਦੀ ਮਨਾਹੀ ਕਰਨੀ ਆਦਿ। ਇਸੇ ਤਰ੍ਹਾਂ ਛਰੀਂਹ, ਨਿੰਮ ਜਾਂ ਅੰਬ ਦੇ ਪੱਤੇ ਵੀ ਮੁੰਡੇ ਦੇ ਜਨਮ ਸਮੇਂ ਘਰ ਦੇ ਬੂਹੇ ਅੱਗੇ ਬੰਨ੍ਹਦੇ ਹਨ ਅਤੇ ਮੁੰਡੇ ਦੇ ਜਨਮ ਦੀ ਖੁਸ਼ੀ ਵਿਚ ਧਮਾਨ, ਛਟੀ ਜਾਂ ਰੀਤ ਦੀ ਰਸਮ ਵੀ ਭਾਈਚਾਰੇ ਨੂੰ ਬੁਲਾ ਕੇ ਕੀਤੀ ਜਾਂਦੀ ਹੈ। ਕਬੀਲਾ ਸਭਿਆਚਾਰ ਵਿਚ ਮਾਹਤਮ ਕਬੀਲਾ ਮੁੰਡੇ ਦੀ ਲੋਹੜੀ ਸਮੇਂ 'ਬੁੱਕ ਭਰਾਉਣ' ਦੀ ਰਸਮ ਕਰਦਾ ਹੈ ਜਦਕਿ ਮੁੱਖ ਸਭਿਆਚਾਰ ਵਿਚ 'ਲੋਹੜੀ ਵੰਡਣ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸਦੇ ਨਾਲ ਹੀ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਗੁੜ੍ਹਤੀ ਦੇਣ ਦੀ ਰਸਮ ਕਿਸੇ ਸਿਆਣੇ ਵਿਅਕਤੀ ਵੱਲੋਂ ਨਿਭਾਈ ਜਾਂਦੀ ਹੈ। ਬੱਚੇ ਲਈ ਪਹਿਲਾ ਕੱਪੜਾ ਕਿਸੇ ਵੱਡੀ ਉਮਰ ਦੇ ਬਜ਼ੁਰਗ (ਦਾਦੇ ਜਾਂ ਪੜਦਾਦੇ) ਦੇ ਪੁਰਾਣੇ ਕੱਪੜੇ ਵਿਚੋਂ ਬਣਾਏ ਜਾਣ ਦਾ ਰਿਵਾਜ਼ ਰਿਹਾ ਹੈ। ਇਸ ਰਸਮ ਵਿਚ ਸਮੇਂ ਨਾਲ ਪਰਿਵਰਤਨ ਵੀ ਆਇਆ ਹੈ ਅਤੇ ਨਵਜੰਮੇ ਬੱਚੇ ਨੂੰ ਨਵੇਂ ਕੱਪੜੇ ਵੀ ਪਾਏ ਜਾਣ ਲੱਗ ਪਏ ਹਨ। ਨਾਮਕਰਨ, ਤੜਾਗੀ ਪਾਉਣ ਅਤੇ ਬੱਚੇ ਦੇ ਪਹਿਲੀ ਪੁਲਾਂਘ ਪੁੱਟਣ ਜਾਂ ਤੁਰਨਾ ਸ਼ੁਰੂ ਕਰਨ ਦੌਰਾਨ, ਕੁਝ ਕਬੀਲਾ ਲੋਕ ਮਿੱਠੀਆਂ ਘੁੰਗਣੀਆਂ ਵੰਡਦੇ ਹਨ ਜਦਕਿ ਕੁਝ ਵਿਚ ਛੋਲਿਆਂ ਨੂੰ ਤੜਕਾ ਲਾ ਕੇ ਘੁੰਗਣੀਆਂ ਵੰਡਣ ਦੀ ਪ੍ਰਥਾ ਹੈ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਬੱਚੇ ਦੇ ਤੁਰਨਾ ਸ਼ੁਰੂ ਕਰਨ ਦੀ ਖੁਸ਼ੀ ਸਾਂਝੀ ਕਰਨ ਲਈ ਮਿੱਠੀਆਂ ਜਾਂ ਨਮਕੀਨ ਘੁੰਗਣੀਆਂ ਵੰਡੀਆਂ ਜਾਂਦੀਆਂ ਹਨ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਬੱਚੇ ਦੇ ਜਨਮ ਨਾਲ

ਸਬੰਧਤ ਰਸਮਾਂ ਆਪਣੀ-ਆਪਣੀ ਪੱਧਰ 'ਤੇ ਵਿਸ਼ੇਸ਼ ਵਿਧੀ ਨਾਲ ਅਦਾ ਕੀਤੀਆਂ ਜਾਂਦੀਆਂ ਹਨ।

ਵਿਆਹ ਇਕ ਸਮਾਜਕ ਜ਼ਰੂਰਤ ਹੈ ਜਿਸ ਨਾਲ ਸਮਾਜ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦਾ ਰਹਿੰਦਾ ਹੈ। ਵਿਆਹ ਰਸਮਾਂ ਪੱਖੋਂ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਦੇ ਲੋਕ ਆਪਣੀ-ਆਪਣੀ ਪਰੰਪਰਾ ਨਾਲ ਜੁੜੀਆ ਰਸਮਾਂ ਅਦਾ ਕਰਦੇ ਹਨ। ਜਿਨ੍ਹਾਂ ਵਿਚ ਕੁਝ ਇਕ ਸਮਾਨਤਾਵਾਂ ਦੇ ਨਾਲ-ਨਾਲ ਵਿਭਿੰਨਤਾਵਾਂ ਦਿਖਾਈ ਦਿੰਦੀਆਂ ਹਨ। ਪਹਿਲਾਂ ਪਹਿਲ ਪੰਜਾਬੀ ਸਭਿਆਚਾਰ ਵਿਚ ਲੜਕੇ ਜਾਂ ਲੜਕੀ ਦੇ ਵਰ ਦੀ ਤਲਾਸ਼ ਪਰਿਵਾਰ ਤੇ ਨਾਈ ਵੱਲੋਂ ਕੀਤੀ ਜਾਂਦੀ ਸੀ ਅਤੇ ਕੁੜੀ ਮੁੰਡੇ ਨੂੰ ਇਕ ਦੂਸਰੇ ਨੂੰ ਦੇਖਣ ਦੀ ਸਖ਼ਤ ਮਨਾਹੀ ਹੁੰਦੀ ਸੀ। ਜਿੱਥੇ ਪਰਿਵਾਰ ਨੇ ਇਕ ਵਾਰ ਰਿਸ਼ਤਾ ਤੈਅ ਕਰ ਦਿੱਤਾ ਉੱਥੇ ਹੀ ਸਾਰੀ ਜ਼ਿੰਦਗੀ ਬਿਤਾਉਣੀ ਪੈਂਦੀ ਸੀ। ਕਬੀਲਾ ਸਭਿਆਚਾਰ ਵਿਚ ਵੀ ਜ਼ਿਆਦਾਤਰ ਅਜਿਹਾ ਹੀ ਰੁਝਾਨ ਪ੍ਰਚਲਿਤ ਰਿਹਾ ਹੈ, ਪਰੰਤੂ ਕੁਝ ਕਬੀਲਾ ਸਮੂਹਾਂ ਵਿਚ ਕੁੜੀ ਮੁੰਡਾ ਆਪਸੀ ਪਸੰਦ ਨਾਲ ਵੀ ਵਿਆਹ ਕਰਵਾ ਸਕਦੇ ਹਨ। ਜਿਵੇਂ ਗਾਡੀ ਲੁਹਾਰ ਕਬੀਲੇ ਵਿਚ ਲੜਕੀ ਆਪਣੀ ਪਸੰਦ ਦਾ ਵਰ ਕਬੀਲੇ ਅੰਦਰ ਆਪ ਚੁਣ ਸਕਦੀ ਹੈ ਅਤੇ ਚਿੰਨ੍ਹ ਰੂਪ ਵਿਚ ਆਪਣੇ ਪਿਤਾ ਨੂੰ ਦੱਸ ਸਕਦੀ ਹੈ। "ਧੀ ਦਾ ਪਿਤਾ ਕਬੀਲਾ ਲੋਕਾਂ ਸਾਮ੍ਹਣੇ ਇਕ ਪਟੜੇ 'ਤੇ ਬੈਠ ਕੇ ਇਸ਼ਨਾਨ ਕਰਦਾ ਹੈ। ਇਸ਼ਨਾਨ ਉਪਰੰਤ ਉਹ ਮੁਟਿਆਰ ਧੀ ਨੂੰ ਬੈਲ ਗੱਡੀ ਦੀ ਭੰਡਾਰੀ ਵਿਚੋਂ ਜੁੱਤੀ ਕੱਢ ਕੇ ਫੜਾਉਣ ਨੂੰ ਕਹਿੰਦਾ ਹੈ। ਮੁਟਿਆਰ ਕੁੜੀ ਜੁੱਤੀ ਫੜਾਉਣ ਸਮੇਂ ਜੇਕਰ ਜੁੱਤੀ ਦਾ ਮੂੰਹ ਅੱਗੇ ਨੂੰ ਕਰਕੇ ਰੱਖ ਦੇਵੇ ਤਾਂ ਪਿਤਾ ਕਿਤੇ ਵੀ ਰਿਸ਼ਤਾ ਤੈਅ ਕਰ ਸਕਦਾ ਹੈ ਪਰ ਜੇਕਰ ਧੀ ਜੁੱਤੀ ਦਾ ਮੂੰਹ ਪਿਤਾ ਵੱਲ ਕਰਕੇ ਰੱਖ ਦੇਵੇ ਤਾਂ ਇਸਦਾ ਭਾਵ ਹੈ ਕਿ ਧੀ ਵਰ ਤਲਾਸ਼ ਕਰ ਚੁੱਕੀ ਹੈ। ... ਬਹੁਤੀਆਂ ਹਾਲਤਾਂ ਵਿਚ ਅਜਿਹਾ ਸਾਥੀ ਨੇੜੇ ਹੀ ਮੌਜੂਦ ਹੁੰਦਾ ਹੈ। ਇਸ ਸਮੇਂ ਲੜਕੇ ਨੇ ਵਿਆਹ ਦੀ ਇੱਛੁਕ ਕੁੜੀ ਦੀ ਬੈਲ ਗੱਡੀ ਦੇ ਜੂਲੇ ਨਾਲ ਆਪਣੇ ਸਿਰ ਦਾ ਪਰਨਾ ਬੰਨ੍ਹਣਾ ਹੁੰਦਾ ਹੈ। ਕਬੀਲੇ ਦੇ ਲੋਕ ਉਸਨੂੰ ਨਕਾਰ ਨਹੀਂ ਸਕਦੇ। ਜਿਉਂ ਹੀ ਲੜਕਾ ਪਰਨਾ ਬੰਨ੍ਹ ਕੇ ਹਟਦਾ ਹੈ ਕਬੀਲੇ ਦਾ ਪੰਚ ਉਸਨੂੰ ਆਪਣੀ ਹਿਫ਼ਾਜ਼ਤ ਵਿਚ ਲੈ ਲੈਂਦਾ ਹੈ ਅਤੇ ਲੜਕੇ ਦੇ ਮਾਪਿਆਂ ਨੂੰ ਮਿਲ ਕੇ ਵਿਆਹ ਦਾ ਦਿਨ ਤਹਿ ਕਰਦਾ ਹੈ।"[7] ਪੰਜਾਬੀ ਸਭਿਆਚਾਰ ਵਿਚ ਬੱਚੇ ਦਾ ਰਿਸ਼ਤਾ ਪਿੰਡ ਜਾਂ ਸ਼ਹਿਰ ਤੋਂ ਦੂਰ ਹੀ ਕੀਤਾ ਜਾਂਦਾ ਸੀ ਪਰੰਤੂ ਕਬੀਲਾ ਸਭਿਆਚਾਰ ਵਿਚ ਇਕ ਡੇਰੇ ਵਿਚ ਵੀ ਰਿਸ਼ਤੇ ਕਰ ਲਏ ਜਾਂਦੇ ਰਹੇ ਹਨ। ਕਬੀਲਾ ਸਮਾਜ ਵਿਚ ਜਾਤ ਤੋਂ ਬਾਹਰ

ਅਤੇ ਆਪਣੇ ਹੀ ਗੋਤ ਵਿਚ ਵਿਆਹ ਕਰਾਉਣ ਦੀ ਸਖ਼ਤ ਮਨਾਹੀ ਹੈ। ਪੰਜਾਬੀ ਸਭਿਆਚਾਰ ਵਿਚ ਅਜੋਕੇ ਨਿਰੰਤਰ ਬਦਲਦੇ ਜੀਵਨ ਵਰਤਾਰੇ ਦੇ ਚਲਦਿਆਂ ਪੜ੍ਹੇ ਲਿਖੇ ਨੌਕਰੀਪੇਸ਼ਾ ਲੋਕਾਂ ਵਿਚ ਕੁਝ ਕੁ ਹਦ ਤਕ ਜਾਤ ਬਾਹਰੀ ਵਿਆਹ ਦੀ ਮਨਾਹੀ ਦਾ ਵਰਤਾਰਾ ਥੋੜ੍ਹਾ ਢਿੱਲਾ ਪਿਆ ਵੀ ਨਜ਼ਰ ਆਉਂਦਾ ਹੈ।

ਵੱਖ-ਵੱਖ ਕਬੀਲਾ ਲੋਕਾਂ ਵਿਚ 'ਮੰਗਣੀ' ਸਬੰਧੀ ਰਸਮਾਂ ਆਪਣੇ ਵੱਖਰੇ ਰਸਮ ਪ੍ਰਬੰਧ ਦੇ ਅੰਤਰਗਤ ਸੰਪੂਰਨ ਕੀਤੀ ਜਾਂਦੀ ਹੈ ਜਿਵੇਂ ਸਾਂਸੀ ਕਬੀਲਾ 'ਲਾਅ ਦੀ ਬੋਤਲ' ਨਾਲ ਮੰਗਣੀ ਦੀ ਰਸਮ ਕਰਦਾ ਹੈ, "ਵਿਆਹ ਤੋਂ ਪਹਿਲਾਂ ਮੰਗਣੀ ਹੁੰਦੀ ਹੈ। ਪਹਿਲਾਂ ਮੰਗਣੀ ਕੁੜੀ ਵਾਲਿਆਂ ਦੇ ਘਰ ਹੀ ਹੁੰਦੀ ਸੀ। ਪਰੰਤੂ ਅੱਜ ਕੱਲ ਇਹ ਮੁੰਡੇ ਦੇ ਘਰ ਵੀ ਹੋ ਜਾਂਦੀ ਹੈ। ਬਾਪ ਆਪਣੀ ਬਰਾਦਰੀ ਦੇ ਕੁਝ ਬੰਦੇ ਲੈ ਕੇ ਲੜਕੀ ਦੇ ਘਰ ਜਾਂਦਾ ਹੈ। ਦੋਵੇਂ ਧਿਰਾਂ ਧਰਤੀ ਤੇ ਕੋਈ ਕੱਪੜਾ ਵਿਛਾ ਕੇ ਬੈਠ ਜਾਂਦੀਆਂ ਹਨ। ਲੜਕੇ ਦਾ ਬਾਪ ਸ਼ਰਾਬ ਦੀ ਬੋਤਲ ਮੰਗਵਾ ਕੇ ਲੜਕੀ ਦੇ ਬਾਪ ਦੇ ਅੱਗੇ ਰੱਖਦਾ ਹੈ ਤੇ ਆਖਦਾ ਹੈ, "ਤਹੁੰ ਝੱਲ ਹਉਂ ਕਾਨਾ, ਮੇਰੇ ਖੋਲ੍ਹੇ ਪਰ ਛੱਤ ਬਾਹ।" ਗੱਲ ਤਾਂ ਵਿਚੋਲਿਆਂ ਦੁਆਰਾ ਗਿਣੀ-ਮਿਥੀ ਜਾਂਦੀ ਹੈ। ਪਰੰਤੂ ਇਹ ਵਾਕ ਲੜਕੇ ਵਾਲੇ ਦੀ ਨਿਮਰਤਾ ਦਰਸਾਉਂਦਾ ਹੈ। ਲੜਕੀ ਵਾਲਾ ਬੋਤਲ ਫੜਕੇ ਪਿਆਲੇ ਵਿਚ ਸ਼ਰਾਬ ਪਾ ਕੇ ਥੋੜ੍ਹੀ ਜਿਹੀ ਧਰਤੀ ਉੱਪਰ ਡੋਲ੍ਹ ਦੇਂਦਾ ਅਤੇ ਆਖਦਾ ਹੈ, "ਐ ਧਰਤੀ ਮਾਤਾ ਤੂੰ ਜੁਗੋ ਜੁਗ ਅਟੱਲ।" ਫਿਰ ਇਕ ਪਿਆਲਾ ਭਰ ਕੇ ਕੁੜਮ ਨੂੰ ਦੇਂਦਾ, ਉਹ ਕੁੜੀ ਤੇ ਮੁੰਡੇ ਦਾ ਨਾਂ ਲੈ ਕੇ ਪੀਂਦਾ ਹੈ। ਫਿਰ ਮੁੰਡੇ ਦਾ ਬਾਪ ਕੁੜੀ ਦੇ ਬਾਪ ਨੂੰ ਪਿਆਲਾ ਭਰ ਕੇ ਦਿੰਦਾ। ਫਿਰ ਕੁੜੀ ਅਤੇ ਮੁੰਡੇ ਦੇ ਨਾਨਕਿਆਂ ਦੇ ਇਕ-ਇਕ ਵਿਅਕਤੀ ਨੂੰ ਸ਼ਰਾਬ ਦਾ ਇਕ-ਇਕ ਪਿਆਲਾ ਪਿਲਾਇਆ ਜਾਂਦਾ। ਬਾਕੀ ਸ਼ਰਾਬ ਉੱਥੇ ਬੈਠ ਕੇ ਬਾਕੀ ਬੰਦਿਆਂ ਵਿਚ ਵਰਤਾਈ ਜਾਂਦੀ। ਇਸ ਸ਼ਰਾਬ ਦੀ ਬੋਤਲ ਨੂੰ 'ਲਾਅ ਦੀ ਬੋਤਲ' ਆਖਿਆ ਜਾਂਦਾ ਹੈ। ਜਦੋਂ ਕੁੜੀ ਵਾਲੇ ਘਰ ਮੰਗਣੀ ਹੁੰਦੀ ਹੈ ਤਾਂ ਇਸ ਨੂੰ 'ਰੋਪਾ' ਆਖਿਆ ਜਾਂਦਾ ਹੈ।"[8] ਸਾਂਸੀ ਕਬੀਲੇ ਵਿਚ ਮੰਗਣੀ ਦੀ ਇਹ ਰਸਮ, ਵਰਤਮਾਨ ਦੌਰ ਵਿਚ ਆਪਣਾ ਰੂਪ ਬਦਲ ਚੁੱਕੀ ਹੈ ਅਤੇ ਮੁੱਖ ਧਾਰਾ ਦੇ ਪ੍ਰਭਾਵ ਦੇ ਜ਼ਿਆਦਾ ਨੇੜੇ ਹੈ। ਕਬੀਲਾ ਸਮੂਹਾਂ ਵਿਚ ਪਹਿਲਾਂ ਪਹਿਲ ਜ਼ਿਆਦਾਤਰ ਲੜਕੇ ਅਤੇ ਲੜਕੀ ਦੀ ਮੰਗਣੀ ਬਾਲ ਉਮਰ ਵਿਚ ਹੀ ਕਰ ਦਿੰਦੇ ਸਨ, ਪਰੰਤੂ ਆਧੁਨਿਕ ਸਮੇਂ ਵਿਚ ਇਹ ਵਰਤਾਰਾ ਕਾਫ਼ੀ ਬਦਲ ਗਿਆ ਹੈ ਅਤੇ ਬੱਚਿਆਂ ਦੇ ਜਵਾਨ ਹੋਣ 'ਤੇ ਹੀ ਰਿਸ਼ਤੇ ਤੈਅ ਕੀਤੇ ਜਾਣ ਲੱਗ ਪਏ ਹਨ। ਇਸੇ ਤਰ੍ਹਾਂ ਪੰਜਾਬੀ ਸਭਿਆਚਾਰ ਵਿਚ ਵੀ ਪਹਿਲਾਂ ਬੱਚਿਆ ਦੇ ਵਿਆਹ

ਜਲਦੀ ਹੀ ਕਰ ਦਿੰਦੇ ਸਨ ਜਦਕਿ ਹੁਣ ਸਿੱਖਿਆ ਦੇ ਪਸਾਰ ਅਤੇ ਲੋਕਾਂ ਵਿਚ ਚੇਤਨਾ ਦੇ ਪਾਸਾਰ ਕਾਰਨ ਨੌਜਵਾਨ ਲੜਕੇ ਲੜਕੀਆਂ ਦੇ ਵਿਆਹ ਪਹਿਲਾਂ ਨਾਲੋਂ ਵੱਧ ਉਮਰ ਦੌਰਾਨ ਕਰਨ ਲੱਗ ਪਏ ਹਨ।

ਇਸੇ ਤਰ੍ਹਾਂ ਬੌਰੀਆ ਕਬੀਲੇ ਵਿਚ ਮੰਗਣੀ ਦੀ ਰਸਮ ਸਮੇਂ ਮੁੰਡੇ ਨੂੰ 'ਪੱਗ ਬਨਾਉਣ' ਅਤੇ 'ਛੁਹਾਰਾ ਲਾਉਣ ਦੀ ਰਸਮ' ਹੁੰਦੀ ਹੈ ਅਤੇ ਕੁੜੀ ਲਈ ਸੁਹਾਗ ਦਾ ਸਮਾਨ ਲੈ ਕੇ ਉਸ ਦੀ ਝੋਲੀ ਵਿਚ ਪਾਇਆ ਜਾਂਦਾ ਹੈ। ਇਸਦੇ ਨਾਲ ਹੀ ਇਨ੍ਹਾਂ ਵਿਚ ਇਕ ਹੋਰ ਰਸਮ ਵਿਆਹ ਤੋਂ ਪਹਿਲਾ 'ਕੁੜਤੀ ਪਾਅਰੌ ਦੀ ਰਸਮ' ਕੀਤੀ ਜਾਂਦੀ ਹੈ ਜਿਸ ਵਿਚ ਲੜਕੇ ਦੀ ਮਾਂ ਆਪਣੇ ਭਾਈਚਾਰੇ ਦੀਆਂ ਔਰਤਾਂ ਨਾਲ ਆਪਣੀ ਨੂੰਹ ਲਈ ਸੂਟ, ਗਹਿਣੇ, ਜੁੱਤੀ ਅਤੇ ਹੋਰ ਹਾਰ ਸ਼ਿਗਾਰ ਦਾ ਸਮਾਨ ਲੈ ਕੇ ਲੜਕੀ ਦੇ ਘਰ ਜਾਂਦੀ ਹੈ ਅਤੇ ਆਪਣੇ ਹੱਥੀ ਲੜਕੀ ਨੂੰ ਇਹ ਸਭ ਕੁਝ ਪਹਿਨਾਉਂਦੀ ਹੈ। ਇਸ ਰਸਮ ਪਿੱਛੇ ਕਬੀਲਾ ਮਾਨਤਾ ਲੜਕੀ ਦੀ ਸਰੀਰਕ ਪਰਖ ਕਰਨ ਤੋਂ ਮੰਨੀ ਜਾਂਦੀ ਹੈ। ਮਾਹਤਮ ਕਬੀਲੇ ਵਿਚ ਮੁੰਡੇ ਕੁੜੀ ਦੀ ਹੱਥ ਦੀ ਤਲੀ ਤੇ ਕੁਝ ਰੁਪਏ ਰੱਖ ਕੇ ਮੰਗਣੀ ਕਰ ਦਿੰਦੇ ਰਹੇ ਹਨ। ਇਸ ਰਸਮ ਦੌਰਾਨ ਲੜਕੀ ਪਰਿਵਾਰ ਵੱਲੋਂ ਲੜਕੇ ਵਾਲੀ ਧਿਰ ਨੂੰ 'ਦੁੱਧ ਪਿਲਾਉਣ' ਦੀ ਰਸਮ ਆਪਣੀ ਵਿਸ਼ੇਸ਼ ਅਹਿਮੀਅਤ ਰੱਖਦੀ ਹੈ ਜਿਹੜੀ ਕਬੀਲੇ ਭਾਈਚਾਰੇ ਵਿਚ ਸਮਕਾਲੀ ਦੌਰ ਵਿਚ ਵੀ ਕਾਰਜਸ਼ੀਲ ਹੈ। ਪੰਜਾਬੀ ਸਭਿਆਚਾਰ ਵਿਚ ਠਾਕਾ, ਛੁਹਾਰਾ ਜਾਂ ਸ਼ਗਨ ਲਾਉਣ ਦੀ ਰਸਮ ਕੀਤੀ ਜਾਂਦੀ ਹੈ ਜਿਸਦਾ ਰੂਪ ਵਰਤਮਾਨ ਦੌਰ ਵਿਚ 'ਰਿੰਗ ਸੈਰੇਮਨੀ' ਦੇ ਰੰਗ ਵਿਚ ਵਟ ਚੁੱਕਾ ਹੈ। ਬਾਜ਼ੀਗਰ ਕਬੀਲੇ ਵਿਚ 'ਗੱਠੇ ਦੀ ਰਸਮ' ਨਾਲ ਮੰਗਣੀ ਦੀ ਰਸਮ ਕੀਤੀ ਜਾਂਦੀ ਹੈ। ਜਿਸ ਵਿਚ ਕਬੀਲੇ ਭਾਈਚਾਰੇ ਸਾਹਮਣੇ 'ਟੱਕ ਲਾਉਣ' ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਵਿਆਹ ਦਾ ਦਿਨ ਮਿੱਥਣ ਲਈ 'ਸਾਹਾ ਕਢਾਉਣ' ਦੀ ਰਸਮ ਦੌਰਾਨ ਪੰਜਾਬੀ ਸਭਿਆਚਾਰ ਅਤੇ ਹੋਰ ਜਾਤਾਂ ਵਿਚ ਪੰਡਿਤ ਜਾਂ ਪਾਠੀ ਕੋਲੋਂ ਪੱਤਰੀ ਦਿਖਾਈ ਜਾਂਦੀ ਹੈ ਜਦਕਿ ਕਬੀਲਾ ਸਮੂਹਾਂ ਵਿਚ ਕਬੀਲਾ ਪੁਰਖਿਆਂ ਦੀ ਆਪਸੀ ਸਲਾਹ ਨਾਲ ਹੀ ਵਿਆਹ ਦਾ ਦਿਨ ਤੈਅ ਕਰ ਲਿਆ ਜਾਂਦਾ ਸੀ। ਪਰੰਤੂ ਅਜੋਕੇ ਸਮੇਂ ਕਬੀਲਾ ਸਭਿਆਚਾਰ ਵਿਚ ਵੀ ਪੰਡਿਤ ਜਾਂ ਪਾਠੀ ਕੋਲੋਂ ਸਾਹਾ ਕਢਵਾਇਆ ਜਾਂਦਾ ਹੈ। ਕੁਝ ਕਬੀਲੇ 'ਸਾਹਾ ਕਢਵਾਉਣ' ਦੀ ਰਸਮ ਲੜਕੀ ਦੇ ਘਰ ਅਦਾ ਕਰਦੇ ਹਨ ਜਦਕਿ ਕੁਝ ਵਿਚ ਲੜਕੇ ਦੇ ਘਰ ਜਾ ਕੇ ਇਹ ਰਸਮ ਅਦਾ ਕੀਤੀ ਜਾਂਦੀ ਹੈ। ਸਾਂਸੀ ਕਬੀਲੇ ਵਿਚ "ਪਹਿਲਾ ਵਿਆਹ ਦਾ ਦਿਨ ਤੈਅ ਕਰਨ ਲਈ ਲੜਕੀ ਦਾ ਭਰਾ ਭਾਈ ਸ਼ਰੀਕੇ

ਵਿਚੋਂ ਪੰਜ ਦਸ ਆਦਮੀ ਲੈ ਕੇ, ਲੜਕੇ ਵਾਲਿਆਂ ਦੇ ਡੇਰੇ ਆਉਂਦਾ। ਲੜਕੇ ਵਾਲੇ ਉਹਨਾਂ ਦਾ ਆਦਰ ਕਰਦੇ। ਉਹ ਸ਼ਰਾਬ ਦੀ ਬੋਤਲ ਮੰਗਵਾਉਂਦਾ। ਕੁੜੀ ਵਾਲੇ ਦੇ ਅੱਗੇ ਰੱਖਦਾ ਹੈ। ਧੀ ਵਾਲੇ ਅਤੇ ਪੁੱਤਰ ਵਾਲੇ ਦੀ ਸਲਾਹ ਨਾਲ ਮਹੀਨਾ ਡੇਢ ਮਹੀਨਾ ਪਹਿਲਾਂ ਵਿਆਹ ਦਾ ਦਿਨ ਮਿਥਿਆ ਜਾਂਦਾ। ਸ਼ਰਾਬ ਦੀ ਇਕ ਬੋਤਲ ਰਾਜੇ ਸਾਂਸ ਮੱਲ ਦਾ ਨਾਂ ਲੈ ਕੇ ਵਰਤਾਈ ਜਾਂਦੀ। ਉਸ ਬੋਤਲ ਨੂੰ 'ਤੇਲ ਦੀ ਬੋਤਲ' ਅਤੇ ਦਿਨ ਮਿੱਥਣ ਦੇ ਸ਼ਗਨ ਨੂੰ 'ਤੇਲ ਪੀਣਾ' ਆਖਿਆ ਜਾਂਦਾ ਹੈ। ਬਰਾਦਰੀ ਧੀ ਤੇ ਪੁੱਤਰ ਵਾਲੇ ਦੋਹਾਂ ਕੁੜਮਾਂ ਤੋਂ ਇਕ-ਇਕ ਰੁਪਈਆ ਲੈ ਕੇ 'ਫਲਾ' ਮਾਰਦੀ ਹੈ। ਇਹ ਇਕ ਕਿਸਮ ਦੀ ਮਨਾਹੀ ਹੁੰਦੀ ਹੈ। ਜਿਸ ਦਾ ਮਤਲਬ ਹੁੰਦਾ ਹੈ ਕਿ ਵਿਆਹ ਤਕ ਵਿਆਹ ਵਾਲੇ ਮੁੰਡੇ ਅਤੇ ਕੁੜੀ ਨੂੰ ਕੋਈ ਬੋਲ ਕੁਬੋਲ ਨਾ ਕਰੇ। ...ਇਹ ਰਸਮ ਧਰਤੀ ਉਪਰ ਬੈਠ ਕੇ ਕੀਤੀ ਜਾਂਦੀ ਹੈ। ਕਈ ਵਾਰ ਵਿਆਹ ਦਾ ਦਿਨ ਮਿੱਥਣ ਲਈ ਲੜਕੀ ਵਾਲੇ ਮੁੰਡੇ ਵਾਲਿਆਂ ਨੂੰ ਆਪਣੇ ਘਰ ਸੱਦ ਲੈਂਦੇ ਹਨ। ਇਸ ਰਸਮ ਨੇ ਅਜੇ ਵੀ ਬਦਲਦੀਆਂ ਪ੍ਰਸਥਿਤੀਆਂ ਵਿਚ ਆਪਣੀ ਹੋਂਦ ਬਰਕਰਾਰ ਰੱਖੀ ਹੋਈ ਹੈ। ਅੱਜ ਵੀ ਤੇਲ ਪੀ ਕੇ ਵਿਆਹ ਦਾ ਦਿਨ ਪੱਕਾ ਕੀਤਾ ਜਾਂਦਾ ਹੈ।"[9] ਇਸੇ ਤਰ੍ਹਾਂ ਮਹਾਤਮ ਕਬੀਲੇ ਵਿਚ ਕੁੜੀ ਵਾਲਿਆਂ ਦੇ ਘਰ ਲੜਕੇ ਦਾ ਪਰਿਵਾਰ ਸਾਹਾ ਕਢਵਾਉਣ ਜਾਂਦਾ ਹੈ ਜਿੱਥੇ ਗ੍ਰੰਥੀ ਦੀ ਹਾਜ਼ਰੀ ਵਿਚ ਵਿਆਹ ਦਾ ਦਿਨ ਤੈਅ ਕੀਤਾ ਜਾਂਦਾ ਹੈ। ਇਸ ਰਸਮ ਨੂੰ ਕਬੀਲੇ ਵਿਚ 'ਕਾਜ ਲਿਖਣ' ਦੀ ਰਸਮ ਆਖਦੇ ਹਨ।

ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿਚ ਵਿਆਹ ਦੌਰਾਨ ਮਹਿੰਦੀ ਲਾਉਣ, ਗਾਨਾ ਬੰਨ੍ਹਣ, ਵਟਣੇ ਦੀ ਰਸਮ, ਨਹਾਉਣ ਦੀ ਰਸਮ, ਸਿਹਰੇ ਬੰਨ੍ਹਣ, ਜੰਡੀ ਵੱਢਣ ਆਦਿ ਰਸਮਾਂ ਵਿਚ ਆਪਸੀ ਭਿੰਨਤਾ ਹੈ। ਕੁਝ ਕਬੀਲਾ ਸਮੂਹਾਂ ਵਿਚ ਪੰਜ ਜਾਂ ਸੱਤ ਦਿਨ ਪਹਿਲਾਂ ਹੀ ਮਹਿੰਦੀ ਲਾਉਣੀ ਸ਼ੁਰੂ ਕਰ ਦਿੱਤੀ ਜਾਂਦੀ ਹੈ ਅਤੇ ਕੁਝ ਕਬੀਲੇ ਇਕ ਜਾਂ ਦੋ ਦਿਨ ਪਹਿਲਾਂ ਹੀ ਮਹਿੰਦੀ ਲਾਉਣ ਦੀ ਰਸਮ ਕਰਦੇ ਹਨ। ਮਾਹਤਮ ਕਬੀਲੇ ਵਿਚ ਪੰਜ ਮਹਿੰਦੀਆਂ (ਨਾਨਕਿਆਂ, ਦਾਦਕਿਆਂ, ਭੈਣਾਂ, ਸਹੁਰਿਆਂ ਅਤੇ ਭਾਈਚਾਰੇ ਦੀ ਮਹਿੰਦੀ) ਲਾਉਣ ਦਾ ਰਿਵਾਜ ਹੈ ਜੋ ਲੜਕੇ ਅਤੇ ਲੜਕੀ ਨੂੰ ਹੱਥਾਂ ਅਤੇ ਪੈਰਾਂ ਉੱਤੇ ਲਾਈ ਜਾਂਦੀ ਹੈ। ਇਸੇ ਤਰ੍ਹਾਂ ਸਿਹਰੇ ਵੀ ਪੰਜਾਬੀ ਸਭਿਆਚਾਰ ਵਿਚ ਲੜਕੇ ਦੀ ਭੈਣ ਬੰਨਦੀ ਹੈ ਜਦਕਿ ਕੁਝ ਕਬੀਲਿਆਂ ਵਿਚ ਇਹ ਰਸਮ ਭੈਣ ਕਰਦੀ ਹੈ ਪਰ ਬਾਜ਼ੀਗਰ ਕਬੀਲੇ ਵਿਚ ਜੀਜਾ ਇਹ ਰਸਮ ਅਦਾ ਕਰਦਾ ਹੈ। 'ਗਾਨਾ ਬੰਨ੍ਹਣ ਦੀ ਰਸਮ' ਮਹਾਤਮ ਕਬੀਲੇ ਵਿਚ ਮਾਮਾ ਕਰਦਾ ਹੈ ਪਰੰਤੂ ਬਾਜ਼ੀਗਰ ਕਬੀਲੇ ਵਿਚ ਗਾਨਾ

ਜਵਾਈ ਦੁਆਰਾ ਸਿਹਰਾ ਬੰਨ੍ਹਿਆ ਜਾਂਦਾ ਹੈ। ਬੌਰੀਆ ਕਬੀਲੇ ਵਿਚ ਭਾਬੀ ਦੁਆਰਾ ਵਟਣਾ ਮਲਣ, ਮਹਿੰਦੀ ਲਾਉਣ ਅਤੇ ਗਾਨਾ ਬੰਨ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਰਾਤ ਦੀ ਰਵਾਨਗੀ ਵਿਚ ਵਾਂਗ ਗੁੰਦਣ, ਜੰਡੀ ਵੱਢਣ ਅਤੇ ਗੁਰਦੁਆਰੇ ਜਾਂ ਕਿਸੇ ਪੁਰਖੇ ਦੇ ਸਥਾਨ ਤੇ ਮੱਥਾ ਟੇਕਣ ਦੀ ਰਸਮ ਕਬੀਲਾ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਵਿਚ ਆਪਣੀ-ਆਪਣੀ ਧਾਰਮਿਕ ਮਾਨਤਾ ਅਨੁਸਾਰ ਕਰ ਲਈ ਜਾਂਦੀ ਹੈ। ਬਰਾਤ ਦੇ ਸੁਆਗਤ ਵਿਚ ਪੰਜਾਬੀ ਸਭਿਆਚਾਰ ਵਿਚ ਜਿੱਥੇ ਅਰਦਾਸ ਤੋਂ ਉਪਰੰਤ 'ਮਿਲਣੀ ਦੀ ਰਸਮ' ਕੀਤੀ ਜਾਂਦੀ ਹੈ ਉਥੇ ਕੁਝ ਕਬੀਲਾ ਸਮੂਹਾਂ ਵਿਚ ਬਰਾਤ ਦੇ ਸੁਆਗਤ ਵਿਚ 'ਆਰਤੀ' ਉਤਾਰੀ ਜਾਂਦੀ ਹੈ ਜਿਵੇਂ "ਸਿਕਲੀਗਰ ਕਬੀਲੇ ਵਿਚ ਜਿਉਂ ਹੀ ਬਰਾਤ ਕੰਨਿਆਂ ਵਾਲਿਆਂ ਦੀ ਟੱਪਰੀ ਨੇੜੇ ਅੱਪੜਦੀ ਹੈ ਬਰਾਤ ਵਿਚੋਂ ਕੋਈ ਮੋਹਤਬਰ ਸਿਕਲੀਗਰ ਅੱਗੇ ਵਧ ਕੇ ਕੰਨਿਆਂ ਵਾਲਿਆਂ ਦੀ ਭੀੜ ਨੂੰ ਹੱਥ ਜੋੜ ਕੇ ਨਮਸਕਾਰ ਕਰਦਾ ਹੈ। ਪਰਿਵਾਰ ਦੀ ਟੱਪਰੀ ਨੇੜੇ ਹੀ ਫੇਰਿਆਂ ਲਈ ਇਕ ਚੁ-ਖੰਡੀ ਉਸਾਰੀ ਹੁੰਦੀ ਹੈ। ਜਿਸ ਦੇ ਸਾਹਮਣੇ ਕੰਨਿਆਂ ਦੀ ਮਾਂ ਇੱਕ ਥਾਲੀ ਵਿਚ ਦੀਵਾ ਜਗਾ ਕੇ ਵਰ ਦੀ ਆਰਤੀ ਉਤਾਰਨ ਲਈ ਉਡੀਕ ਕਰਦੀ ਹੈ। ਸਿਕਲੀਗਰ ਕਬੀਲੇ ਦੀ ਇਸ ਰਸਮ ਸਮੇਂ ਬਰਾਤ ਲਾੜੇ ਨੂੰ ਵੇਦੀ ਦੀ ਚੁ-ਖੰਡੀ ਤੱਕ ਲੈ ਕੇ ਜਾਂਦੀ ਹੈ। ਜਿੱਥੇ ਕੰਨਿਆਂ ਦੀ ਮਾਂ ਵੱਲੋਂ ਲਾੜੇ ਦੀ ਸੱਤ ਵੇਰੀਂ ਆਰਤੀ ਉਤਾਰੀ ਜਾਂਦੀ ਹੈ। ਆਰਤੀ ਉਤਾਰਨ ਸਮੇਂ ਦੀਵੇ ਬੁੱਝਣੇ, ਹਨੇਰੀ ਆਉਣੀ, ਥਾਲੀ ਦਾ ਡਿੱਗਣਾ, ਨਿੱਛ ਆਉਣੀ ਜਾਂ ਅੰਗ ਫਰਕਣਾ ਅਸ਼ੁੱਭ ਸਮਝਿਆ ਜਾਂਦਾ ਹੈ। ਸਿਕਲੀਗਰਾਂ ਦੀਆਂ ਕਈ ਗੋਤਾਂ ਵਿਚ ਮਿਲਣੀ ਸਮੇਂ ਵਰ ਅਤੇ ਕੰਨਿਆਂ ਦੇ ਪਿਤਾ ਵੱਲੋਂ ਆਪਸ ਵਿਚ ਪੱਗ ਵਟਾਉਂਦੇ ਵੀ ਵੇਖਿਆ ਗਿਆ ਹੈ।"[10] ਪਿਛਲੇ ਲੰਮੇ ਸਮੇਂ ਤੋਂ ਪੰਜਾਬ ਵਿਚ ਵੱਸਦੇ ਜ਼ਿਆਦਾਤਰ ਸਿਕਲੀਗਰ ਕਬੀਲੇ ਦੇ ਲੋਕ ਆਨੰਦ ਕਾਰਜ ਦੀ ਰਸਮ ਨਾਲ ਵਿਆਹ ਕਾਰਜ ਸੰਪੂਰਨ ਕਰਦੇ ਹਨ। ਇਸੇ ਤਰ੍ਹਾਂ ਫੇਰਿਆਂ ਤੋਂ ਪਹਿਲਾਂ ਚਿੜੀਆਂ ਫੁੰਡਣ ਦੀ ਰਸਮ ਵੀ ਸਿਕਲੀਗਰ ਕਬੀਲੇ ਵਿਚ ਕੀਤੀ ਜਾਂਦੀ ਹੈ ਜਿਸ ਵਿਚ ਇਕ ਲੱਕੜੀ ਦਾ ਟਹਿਣਾ ਗੱਡ ਕੇ ਉਸ ਉੱਪਰ ਲੀਰਾਂ ਦੀਆਂ ਸੱਤ ਚਿੜੀਆਂ ਮਜ਼ਬੂਤੀ ਨਾਲ ਬੰਨ੍ਹ ਦਿੰਦੇ ਸਨ ਜਿਨ੍ਹਾਂ ਨੂੰ ਲੜਕੇ ਨੇ ਇਕੋ ਵਾਰ ਨਾਲ ਹੇਠਾਂ ਡੇਗਣਾ ਹੁੰਦਾ ਸੀ। ਇਹ ਰਸਮ ਸਮਕਾਲੀ ਦੌਰ ਵਿਚ ਕਬੀਲੇ ਦੀ ਪਿੱਤਰੀ ਪਰੰਪਰਾ ਨਾਲ ਜੁੜੇ ਕੁਝ ਕੁ ਸਿਕਲੀਗਰ ਕਬੀਲੇ ਦੇ ਲੋਕ ਨਿਭਾਉਂਦੇ ਵੇਖੇ ਜਾ ਸਕਦੇ ਹਨ ਜਦਕਿ ਜ਼ਿਆਦਾਤਰ ਲੋਕ ਪੰਜਾਬੀ ਸਭਿਆਚਾਰ ਦੇ ਪ੍ਰਭਾਵ ਵਿਚ ਰਿਬਨ ਕੱਟਣ ਦੀ ਰਸਮ ਕਰਨ ਲੱਗ ਪਏ ਹਨ।

ਵਿਆਹ ਸਮੇਂ 'ਲਾਵਾਂ ਦੀ ਰਸਮ' ਜਿੱਥੇ ਪੰਜਾਬੀ ਸਭਿਆਚਾਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਦਾ ਕੀਤੀ ਜਾਂਦੀ ਹੈ ਉੱਥੇ ਕਬੀਲਾ ਸਭਿਆਚਾਰ ਵਿਚ ਵੱਖ-ਵੱਖ ਕਬੀਲੇ ਆਪਣੀ ਪਰੰਪਰਾ ਅਨੁਸਾਰ 'ਲਾਵਾਂ ਦੀ ਰਸਮ' ਪੂਰੀ ਕਰਦੇ ਹਨ। ਸਾਂਸੀ ਕਬੀਲਾ 'ਛੱਪੜੀ ਦੇ ਫੇਰੇ' ਕਰਦਾ ਹੈ, ਸਿਕਲੀਗਰ ਕਬੀਲਾ 'ਚੁ ਖੰਡੀ ਵਿਚ ਵੇਦੀ ਦੇ ਫੇਰੇ' ਕਰਦਾ ਹੈ, ਬੌਰੀਆ ਕਬੀਲਾ 'ਜੰਡੀ ਵਿਆਹ' ਅਤੇ 'ਫੱਕੀ ਵਿਆਹ' ਦੀ ਰਸਮ ਅਦਾ ਕਰਦਾ ਰਿਹਾ ਹੈ ਅਤੇ ਬਾਜ਼ੀਗਰ ਕਬੀਲੇ ਵਿਚ ਪੰਡਿਤ ਦੁਆਰਾ 'ਵੇਦੀ ਦੇ ਫੇਰੇ' ਕਰਵਾਏ ਜਾਂਦੇ ਰਹੇ ਹਨ। ਪਰੰਤੂ ਪਿਛਲੇ ਲੰਮੇ ਸਮੇਂ ਤੋਂ ਬਾਜ਼ੀਗਰ ਕਬੀਲੇ ਦੇ ਲੋਕ ਜ਼ਿਆਦਾਤਰ ਵਿਆਹ ਕਾਰਜ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ 'ਆਨੰਦ ਕਾਰਜ' ਕਰਕੇ ਸੰਪੂਰਨ ਕਰਦੇ ਹਨ। ਇਸਦੇ ਨਾਲ ਹੀ ਭਾਰਤ ਵਿਚ ਕਈ ਕਬੀਲਿਆਂ ਵਿਚ ਕਿਸੇ ਰੁੱਖ (ਜੋ ਕਬੀਲੇ ਦਾ ਟੋਟਮ ਹੁੰਦਾ ਸੀ) ਦੇ ਫੇਰੇ ਕਰਕੇ ਵੀ ਵਿਆਹ ਦੀ ਰਸਮ ਕਰ ਲਈ ਜਾਂਦੀ ਸੀ। ਜਿਸ ਵਿਚ ਬੌਰੀਆ ਕਬੀਲੇ ਦੇ ਲੋਕ ਜੰਡੀ ਦੇ ਰੁੱਖ ਦੇ ਫੇਰੇ ਕਰਾ ਕੇ ਲੜਕੇ ਅਤੇ ਲੜਕੀ ਨੂੰ ਗ੍ਰਹਿਸਥ ਨਾਲ ਜੋੜ ਦਿੰਦੇ ਸਨ। ਸਾਂਸੀ ਕਬੀਲੇ ਵਿਚ ਲਾਵਾਂ ਦੌਰਾਨ ਛੱਪੜੀ ਦੇ ਫੇਰੇ ਕਰਦੇ ਰਹੇ ਹਨ। ਜਿਸ ਵਿਚ "ਕੁੜੀ ਦੇ ਮਾਮੇ ਦੁਆਰਾ ਕੰਧਾਲੇ ਨਾਲ ਫੁੱਟ ਚੌੜਾ ਅਤੇ ਡੇਢ ਕੁ ਫੁੱਟ ਡੂੰਘਾ ਗੋਲ ਟੋਇਆ ਪੁੱਟਿਆ ਜਾਂਦਾ ਹੈ। ਇਸ ਰਸਮ ਨੂੰ 'ਛੱਪੜ੍ਹੀ ਕੱਢਣੀ' ਆਖਦੇ ਹਨ। ਕੁੜੀ ਦਾ ਮਾਮਾ ਕੋਰੇ ਘੜੇ ਵਿਚ ਸੁੱਚਾ ਪਾਣੀ ਲਿਆ ਕੇ ਉਸ ਛੱਪੜੀ ਵਿਚ ਪਾਉਂਦਾ ਹੈ। ਉਸ ਟੋਏ ਵਿਚੋਂ ਕੱਢੀ ਮਿੱਟੀ ਉਸ ਦੇ ਦੁਆਲੇ ਖਿਲਾਰ ਦਿੱਤੀ ਜਾਂਦੀ ਹੈ। ਫੇਰਿਆਂ ਤੋਂ ਪਹਿਲਾਂ ਉਸ ਛੱਪੜ੍ਹੀ ਵਿਚ ਦੋ ਤਾਂਬੇ ਦੇ ਪੈਸੇ ਅਤੇ ਇਕ ਚਾਂਦੀ ਦਾ ਰੁਪੱਈਆ ਪਾ ਦਿੱਤਾ ਜਾਂਦਾ ਹੈ। ਇਹ ਪੈਸੇ ਤੇ ਇਕ ਰੁਪਈਆ ਮੁੰਡੇ ਦਾ ਬਾਪ ਦੇਂਦਾ ਹੈ। ਵਿਆਹ ਦੀ ਇਸ ਪਵਿੱਤਰ ਰਸਮ ਸਮੇਂ ਜੰਞ ਅਤੇ ਮੇਲ ਦੀਆਂ ਸਾਰੀਆਂ ਜ਼ਨਾਨੀਆਂ, ਮੁੰਡੇ ਕੁੜੀ ਦੇ ਨਜ਼ਦੀਕੀ ਰਿਸ਼ਤੇਦਾਰ ਅਤੇ ਨਾਨਕੇ ਇਸ ਜਲ ਦੀ ਪਵਿੱਤਰ ਛੱਪੜ੍ਹੀ ਦੁਆਲੇ ਆਣ ਖੜ੍ਹੇ ਹੁੰਦੇ ਹਨ। ਛੱਪੜ੍ਹੀ ਦੇ ਕੰਢੇ ਲਹਿੰਦੇ ਪਾਸੇ ਮੁੰਡਾ ਦੱਖਣ ਦੀ ਤਰਫ ਮੂੰਹ ਕਰਕੇ ਖੜਾ ਹੁੰਦਾ ਹੈ। ਵਿਆਹ ਵਾਲੀ ਲੜਕੀ ਦੀਆਂ ਭੈਣਾਂ ਭਰਜਾਈਆਂ ਮਾਮੀਆਂ ਲੜਕੀ ਨੂੰ ਚੋਪ ਵਿਚ ਵਲੇਟ ਕੇ ਮੁੰਡੇ ਦੇ ਪਿੱਛੇ ਜਾ ਖਿਲ੍ਹਾਰਦੀਆਂ ਹਨ। ਇਸ ਸਮੇਂ ਗੀਤਾਂ ਨਾਲ ਵਾਤਾਵਰਨ ਨੂੰ ਬੜਾ ਸੁਹਾਵਣਾ ਬਣਾ ਦਿੱਤਾ ਜਾਂਦਾ ਹੈ।... ਸਾਂਸੀ ਕਬੀਲੇ ਵਿਚ ਸੱਤ ਲਾਵਾਂ ਕੀਤੀਆਂ ਜਾਂਦੀਆਂ ਹਨ। ਲਾਵਾਂ ਦੀ ਗਿਣਤੀ ਜ਼ਨਾਨੀਆਂ ਗੀਤ ਗਾ ਕੇ ਕਰਦੀਆਂ ਹਨ।"[11] ਵਰਤਮਾਨ ਦੌਰ ਵਿਚ ਕਬੀਲਾਈ ਪਰੰਪਰਾ ਨਾਲ ਜੁੜੇ

ਸਾਂਸੀ ਕਬੀਲੇ ਦੇ ਲੋਕ 'ਛੱਪੜੀ ਦੇ ਫੇਰੇ' ਕਰਕੇ ਵਿਆਹ ਕਾਰਜ ਸੰਪੂਰਨ ਕਰਦੇ ਹਨ ਜਦਕਿ ਜ਼ਿਆਦਾਤਰ ਲੋਕ ਆਨੰਦ ਕਾਰਜ ਦੀ ਰਸਮ ਵੀ ਕਰਨ ਲੱਗ ਪਏ ਹਨ।

ਪੰਜਾਬੀ ਸਭਿਆਚਾਰ ਵਿਚ ਜਿੱਥੇ ਮੰਗਣੀ ਤੋਂ ਵਿਆਹ ਤਕ ਦਿਨ ਮਿੱਥਣਾ, ਭਾਈਚਾਰੇ ਨੂੰ ਸੱਦਾ ਦੇਣਾ ਜਾਂ ਗੰਢਾਂ ਦੇਣਾ, ਸੁਹਾਗ, ਘੋੜੀਆਂ ਗਾਉਣਾ, ਗਾਨਾ ਬੰਨ੍ਹਣਾ, ਮਹਿੰਦੀ ਲਾਉਣੀ, ਵਟਣਾ, ਨਹਾਈ ਦੀ ਰਸਮ, ਖਾਰੇ ਤੋਂ ਉਤਾਰਨਾ (ਮਾਮੇ ਦੁਆਰਾ), ਸਿਹਰਾਬੰਦੀ (ਭੈਣ ਦੁਆਰਾ), ਜਾਗੋ ਕੱਢਣਾ (ਨਾਨਕਾ ਮੇਲ ਤੇ ਮਾਮੀ ਦੀ ਵਿਸ਼ੇਸ਼ ਭੂਮਿਕਾ), ਜੰਡੀ ਵੱਢਣਾ, ਗੁਰੂ ਘਰ ਮੱਥਾ ਟੇਕਣਾ, ਸੁਰਮਾ ਪਾਉਣ ਦੀ ਰਸਮ (ਭਾਬੀ ਦੁਆਰਾ), ਘੋੜੀ ਚੜ੍ਹਾਉਣ ਦੀ ਰਸਮ, ਵਾਂਗ ਗੁੰਦਣ ਦੀ ਰਸਮ (ਭੈਣ ਦੁਆਰਾ), ਮਿਲਣੀ ਦੀ ਰਸਮ (ਬਰਾਤ ਤੇ ਢੁਕਾਅ ਸਮੇਂ ਅਰਦਾਸ ਪਿੱਛੋਂ ਪਹਿਲੀ ਰਸਮ), ਵਿਹਾਰ ਦੀ ਰਸਮ (ਦੋਹਾਂ ਪਰਿਵਾਰਾਂ ਵੱਲੋਂ ਦਿੱਤੇ ਗਏ ਗਹਿਣੇ ਅਤੇ ਕੱਪੜੇ ਆਦਿ ਦਾ ਭਾਈਚਾਰੇ ਵਿਚ ਦਿਖਾਵਾ ਕਰਨਾ), ਆਨੰਦ ਕਾਰਜ, ਪਾਣੀ ਵਾਰਨ ਦੀ ਰਸਮ (ਮਾਂ ਦੁਆਰਾ), ਬਾਰ ਰੁਕਾਈ ਦੀ ਰਸਮ (ਭੈਣ ਦੁਆਰਾ), ਗਾਨਾ ਖੋਲ੍ਹਣ ਦੀ ਰਸਮ, ਗੋਦ ਭਰਾਈ ਦੀ ਰਸਮ (ਜਾਂ ਦਿਉਰ ਨੂੰ ਗੋਦੀ ਬਿਠਾਉਣ ਦੀ ਰਸਮ), ਗੋਤ ਕਨਾਲੇ ਦੀ ਰਸਮ (ਲੜਕੀ ਨੂੰ ਲੜਕੇ ਦੀ ਗੋਤ ਵਿਚ ਸ਼ਾਮਲ ਕਰਨਾ। ਜਿਸ ਵਿਚ ਪਿੱਤਰਾਂ ਨੂੰ ਮੱਥਾ ਟੇਕ ਕੇ ਨਵੀਂ ਵਿਆਹੀ ਲੜਕੀ ਆਪਣੀਆਂ ਦਰਾਨੀਆਂ ਜਠਾਨੀਆਂ ਨਾਲ ਮਿਲ ਕੇ ਭੋਜਨ ਕਰਦੀ ਹੈ), ਕੰਗਣਾ ਖੇਡਣ ਦੀ ਰਸਮ, ਮੁਕਲਾਵਾ ਅਤੇ ਕੰਮ ਨੂੰ ਹੱਥ ਲਵਾਉਣ ਦੀ ਰੀਤ ਆਦਿ ਰਸਮਾਂ ਆਪਣੇ ਸਭਿਆਚਾਰਕ ਵਿਧਾਨ ਅਨੁਸਾਰ ਕੀਤੀਆਂ ਜਾਂਦੀਆਂ ਹਨ ਉੱਥੇ ਕਬੀਲਾ ਸਭਿਆਚਾਰ ਵਿਚ ਹਰ ਕਬੀਲਾ ਆਪਣੀ ਕਬੀਲਾਈ ਪਰੰਪਰਾ ਅਨੁਸਾਰ ਉਪਰੋਕਤ ਰਸਮਾਂ ਕੁਝ ਵਿਲੱਖਣ ਵਿਧੀ ਵਿਧਾਨ ਅਨੁਸਾਰ ਸੰਪੂਰਨ ਕਰਦਾ ਹੈ। ਜਿਸ ਵਿਚ ਬੌਰੀਆ ਕਬੀਲੇ ਵਿਚ ਮੰਗਣੀ ਦੀ ਰਸਮ, ਕੁੜਤੀ ਪਾਅਰੌਂ ਦੀ ਰਸਮ, ਹੌਆ ਦੀ ਰਸਮ (ਇਹ ਰਸਮ ਮਾਮੇ ਦੁਆਰਾ ਅਦਾ ਕੀਤੀ ਜਾਂਦੀ ਹੈ।), ਦੋ ਗਾਨੇ ਬੰਨ੍ਹਣ ਦੀ ਰਸਮ (ਇਕ ਲੱਤ ਅਤੇ ਇਕ ਕਲਾਈ 'ਤੇ), ਟਿੱਕਾ ਲਾਉਣ ਦੀ ਰਸਮ (ਬਰਾਤ ਦੇ ਢੁਕਾ ਸਮੇਂ ਸੱਸ ਦੁਆਰਾ ਟਿੱਕਾ ਲਾਇਆ ਜਾਂਦਾ ਹੈ। ਪਹਿਲਾਂ ਪਹਿਲ ਇਸ ਰਸਮ ਸਮੇਂ ਲੜਕੇ ਦੁਆਰਾ ਸੱਸ ਨੂੰ ਸੋਨੇ ਦੀ ਮੋਹਰ ਵੀ ਭੇਂਟ ਕੀਤੀ ਜਾਂਦੀ ਸੀ), ਪੱਲੇ ਨੈ ਭੋਗ ਦੀ ਰਸਮ (ਇਸ ਵਿਚ ਕੁਝ ਅਨਾਜ ਸ਼ਾਮਲ ਹੁੰਦਾ ਹੈ। ਲੜਕੇ ਘਰ ਇਸ ਅਨਾਜ਼ ਵਿਚ ਕੁਝ ਹੋਰ ਅਨਾਜ ਮਿਲਾ ਕੇ ਤਿਆਰ ਕੀਤੇ ਪਕਵਾਨ ਨਾਲ ਹੀ ਲੜਕੀ ਦੇ ਗੋਤ ਕਨਾਲਾ ਦੀ ਰਸਮ ਅਦਾ ਕਰਦੇ ਸਨ) , ਦੋਹ

ਅਤੇ ਆਖੜੀ ਦੀ ਰਸਮ (ਬੌਰੀਆ ਕਬੀਲੇ ਦੇ ਲੋਕ ਆਪਣੇ ਪਿੱਤਰਾਂ ਦੇ ਨਾਂ ਤੇ ਬੱਕਰਿਆਂ ਦਾ ਲੈਣ ਦੇਣ ਕਰਦੇ ਹਨ। ਜਿਸ ਵਿਚ ਜੇਕਰ ਲੜਕੀ ਵਾਲੇ ਦੋਹ ਦੇ ਨਾਂ ਤੇ ਲੜਕੇ ਵਾਲੀ ਧਿਰ ਤੋਂ ਕੁਝ ਬੱਕਰੇ ਮੰਗਦੇ ਹਨ ਤਾਂ ਲੜਕੇ ਵਾਲੇ ਵੀ ਆਖੜੀ ਦੇ ਨਾਂ ਤੇ ਲੜਕੀ ਵਾਲਿਆਂ ਤੋਂ ਬੱਕਰਿਆਂ ਦੀ ਮੰਗ ਕਰਦੇ ਹਨ ਜਿਸ ਵਿਚ ਇਕ ਬੱਕਰੇ ਦੀ ਸੰਖਿਆ ਲੜਕੀ ਵਾਲੀ ਧਿਰ ਵੱਲੋਂ ਮੰਗੇ ਗਏ ਬੱਕਰਿਆਂ ਨਾਲੋਂ ਇਕ ਵੱਧ ਹੁੰਦੀ ਹੈ। ਇਹ ਬੱਕਰੇ ਆਪਣੇ ਦੇਹਰੇ ਅਤੇ ਮੂਏ ਦੇ ਸਥਾਨ ਤੇ ਚੜ੍ਹਾ ਕੇ ਰਿੰਨ੍ਹ ਲਏ ਜਾਂਦੇ ਹਨ। ਇਨ੍ਹਾਂ ਬੱਕਰਿਆਂ ਦੇ ਮਾਸ ਨਾਲ ਹੀ ਪਹਿਲਾਂ-ਪਹਿਲ ਬੌਰੀਆ ਕਬੀਲੇ ਦੇ ਲੋਕ ਗੋਤ ਕਨਾਲੇ ਦੀ ਰਸਮ ਅਦਾ ਕਰਦੇ ਸਨ। ਇਸਦੇ ਨਾਲ ਹੀ ਬੌਰੀਆ ਕਬੀਲੇ ਵਿਚ ਜਿਨ੍ਹਾਂ ਸਮਾਂ ਲੜਕੀ ਇਕ ਬੱਚੇ ਨੂੰ ਜਨਮ ਨਹੀਂ ਸੀ ਦੇ ਦਿੰਦੀ ਉਨਾਂ ਸਮਾਂ ਪੇਕੇ ਨਹੀਂ ਜਾ ਸਕਦੀ ਸੀ। ਜੇਕਰ ਕਿਸੇ ਕਾਰਨ ਵੱਸ ਲੜਕੀ ਗਰਭਵਤੀ ਨਹੀਂ ਹੁੰਦੀ ਸੀ ਤਾਂ ਇਸ ਪਿੱਛੇ ਕਬੀਲੇ ਦੇ ਪੁਰਖਿਆਂ, ਦੇਹਰੇ ਜਾਂ ਮੂਏ ਦੀ ਨਰਾਜ਼ਗੀ ਨੂੰ ਕਾਰਨ ਵਜੋਂ ਵਿਚਾਰਿਆ ਜਾਂਦਾ ਸੀ ਅਤੇ ਲੜਕੀ ਵਾਲੀ ਧਿਰ ਤੋਂ ਆਖੜੀ ਦੇ ਬੱਕਰਿਆਂ ਦੀ ਮੰਗ ਕਰਕੇ ਪਿੱਤਰਾਂ ਨੂੰ ਚੜ੍ਹਾਵਾ ਦਿੱਤਾ ਜਾਂਦਾ ਸੀ। ਕਬੀਲਾ ਲੋਕਾਂ ਦੀ ਮਾਨਤਾ ਹੈ ਕਿ ਪਿੱਤਰਾਂ ਦੀ ਮਾਨਤਾ ਹੋ ਜਾਣ ਪਿੱਛੋਂ ਔਰਤ ਜਲਦੀ ਹੀ ਗਰਭਵਤੀ ਹੋ ਜਾਂਦੀ ਸੀ। ਪਰੰਤੂ ਸਮਕਾਲੀ ਦੌਰ ਵਿਚ ਜ਼ਿਆਦਾਤਰ ਕਬੀਲਾ ਲੋਕ ਇਹ ਰਸਮ ਛੱਡ ਚੁੱਕੇ ਹਨ।), ਗੋਤ ਕਨਾਲੇ ਦੀ ਰਸਮ, ਧਾਰ ਦੇਣ ਦੀ ਰਸਮ (ਲੜਕੇ ਦਾ ਵਿਆਹ ਹੋਣ ਦੀ ਸੂਰਤ ਵਿਚ ਅਤੇ ਘਰ ਵਿਚ ਲੜਕਾ ਪੈਦਾ ਹੋਣ ਦੌਰਾਨ ਬੌਰੀਆ ਕਬੀਲੇ ਦੇ ਲੋਕ ਆਪਣੇ ਦੇਹਰੇ ਦੇ ਨਾਂ ਤੇ ਬੱਕਰੇ ਦੀ ਬਲੀ ਜਰੂਰ ਦਿੰਦੇ ਹਨ। ਵਰਤਮਾਨ ਦੌਰ ਵਿਚ ਵੀ ਜ਼ਿਆਦਾਤਰ ਲੋਕਾਂ ਵਿਚ ਇਹ ਵਿਧਾਨ ਕਾਰਜਸ਼ੀਲ ਹੈ।) ਅਤੇ ਚੌਕੇ ਚਾੜ੍ਹਣ ਦੀ ਰਸਮ ਜਿਸ ਵਿਚ ਲੜਕੀ ਜਲ ਦੇ ਕਿਸੇ ਸ੍ਰੋਤ ਨੂੰ ਮਿੱਠਾ ਪਕਵਾਨ ਅਤੇ ਮੌਲੀ ਦੀ ਤੰਦ ਬੰਨ੍ਹ ਕੇ ਜਲ ਦੀ ਪੂਜਾ ਕਰਦੀ ਹੈ। ਇਕ ਘੜਾ ਭਰ ਕੇ ਪਾਣੀ ਦਾ ਲਿਆਉਂਦੀ ਹੈ ਅਤੇ ਭੋਜਨ ਪਕਾ ਕੇ ਪਹਿਲਾਂ ਦੇਹਰੇ ਤੇ ਮੂਏ ਦੇ ਚੌਂਤਰੇ ਤੇ ਮੱਥਾ ਟੇਕਦੀ ਹੈ। ਫਿਰ ਸਾਰੇ ਪਰਿਵਾਰ ਨੂੰ ਭੋਜਨ ਪਰੋਸਦੀ ਹੈ। ਇਸ ਤਰ੍ਹਾਂ ਗ੍ਰਹਿਸਥ ਜੀਵਨ ਦੀ ਸ਼ੁਰਆਤ ਹੋ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਗੱਠੇ ਦੀ ਰਸਮ (ਇਹ ਮੰਗਣੀ ਦੀ ਰਸਮ ਹੈ ਜਿਸ ਨਾਲ ਇੱਕ ਵਾਰ ਮੰਗਣੀ ਕਰ ਕੇ ਮੰਗ ਵਿਆਹੁਣ ਤੋਂ ਕੋਈ ਧਿਰ ਮੁਕਰ ਨਹੀਂ ਸਕਦੀ ਅਤੇ ਜੇਕਰ ਕੋਈ ਧਿਰ ਮੁਕਰ ਜਾਂਦੀ ਸੀ ਤਾਂ ਕਬੀਲੇ ਦੇ ਪੰਚਾਂ ਵੱਲੋਂ ਭਾਈਚਾਰਕ ਬਾਈਕਾਟ ਦੇ ਨਾਲ ਉਸ ਪਰਿਵਾਰ ਨੂੰ ਭਾਰੀ ਜ਼ੁਰਮਾਨਾ ਕੀਤਾ ਜਾਂਦਾ ਸੀ।), ਟੱਕ ਲਾਉਣ ਦੀ

ਰਸਮ, ਛਾਰਨੇ ਦੀ ਰਸਮ, ਬੋਦੀ ਗੁੰਦਣ ਅਤੇ ਖੋਲ੍ਹਣ ਦੀ ਰਸਮ (ਇਹ ਰਸਮ ਨਹਾਉਣ ਦੀ ਰਸਮ ਤੋਂ ਪਹਿਲਾਂ ਭਾਬੀਆਂ ਦੁਆਰਾ ਕੀਤੀ ਜਾਂਦੀ ਹੈ), ਖਾਰੇ ਦੀ ਰਸਮ (ਇਸ ਰਸਮ ਦੌਰਾਨ ਇਕ ਥਾਲੀ ਵਿਚ ਦੀਵਾ ਬਾਲ ਕੇ ਥਾਲੀ ਲੜਕੇ ਨੂੰ ਫੜਾਈ ਜਾਂਦੀ ਹੈ ਅਤੇ ਉਹ ਇਕ ਮੂਧੀ ਮਾਰੀ ਪਰਾਤ 'ਤੇ ਖਲੋ ਜਾਂਦਾ ਹੈ, ਸਾਰਾ ਭਾਈਚਾਰਾ ਇਸ ਵਿਚ ਕੁਝ ਰੁਪਏ ਸ਼ਗਨ ਵਜੋਂ ਰੱਖਦਾ ਹੈ। ਇਸ ਪਿੱਛੋਂ ਮਾਮਾ ਲੜਕੇ ਨੂੰ ਚੁੱਕ ਕੇ ਪਰਾਤ ਤੋਂ ਉਤਾਰਦਾ ਹੈ।), ਠੂਠੀਆਂ ਭੰਨ੍ਹਣ ਦੀ ਰਸਮ (ਇਸ ਰਸਮ ਦੌਰਾਨ ਲੜਕੇ ਦੁਆਰਾ ਸੱਤ ਚੱਪਣੀਆਂ ਨੂੰ ਇਕੋ ਵਾਰ ਵਿਚ ਪੈਰ ਨਾਲ ਭੰਨਿਆ ਜਾਂਦਾ ਹੈ।), ਲੋਹੇ ਦਾ ਥੰਮ ਗੱਡਣ ਦੀ ਰਸਮ, ਸਾਤ ਸ਼ਾਵਾ ਦੀ ਰਸਮ, ਮਿੱਠੇ ਚੌਲਾਂ ਦੇ ਆਦਾਨ ਪ੍ਰਦਾਨ ਦੀ ਰਸਮ, ਤੌਣ ਵਿਚ ਸ਼ਾਮਲ ਕਰਨ ਦੀ ਰਸਮ ਅਤੇ ਮੁਕਲਾਵੇ ਦੀ ਰਸਮ ਅਦਾ ਕਰਦੇ ਹਨ । ਸਾਂਸੀ ਕਬੀਲੇ ਵਿਚ ਲਾਅ ਦੀ ਬੋਤਲ ਨਾਲ ਮੰਗਣੇ ਦੀ ਰਸਮ, ਰੋਪਾ, ਦਿਨ ਮਿੱਥਣ ਜਾਂ ਤੇਲ ਪੀਣ ਦੀ ਰਸਮ, ਮਹਿੰਦੀ ਲਾਉਣ ਦੀ ਰਸਮ (ਸਾਂਸੀ ਕਬੀਲੇ ਦੀ ਇਹ ਰਸਮ ਬਹੁਤ ਵਿਲੱਖਣ ਰਹੀ ਹੈ ਕਿਉਂਕਿ ਇਸ ਦੌਰਾਨ ਦੋਵੇਂ ਧਿਰਾਂ ਇਕ ਦੂਜੇ ਦੇ ਨੇੜੇ ਬੈਠੇ ਹੋਣ ਦੀ ਸੂਰਤ ਵਿਚ ਇਕ ਪਰਾਤ ਵਿਚ ਭਿੱਜੀ ਮਹਿੰਦੀ ਪਹਿਲਾਂ ਲੜਕੀ ਧਿਰ ਦੀਆਂ ਔਰਤਾਂ ਲੜਕੇ ਨੂੰ ਲਾਉਣ ਜਾਂਦੀਆਂ ਸਨ ਅਤੇ ਲੜਕੇ ਪਰਿਵਾਰ ਦੀਆਂ ਔਰਤਾਂ ਇਹੀ ਮਹਿੰਦੀ ਫਿਰ ਲੜਕੀ ਨੂੰ ਲਾਉਣ ਆਉਂਦੀਆਂ ਸਨ। ਇਸ ਰਸਮ ਦਾ ਵਰਤਮਾਨ ਰੂਪ ਬਦਲ ਚੁੱਕਾ ਹੈ ਅਤੇ ਹੁਣ ਵਿਆਹ ਦਾ ਦਿਨ ਪੱਕਾ ਕਰਨ ਵਾਲੇ ਦਿਨ ਹੀ ਸੁੱਕੀ ਮਹਿੰਦੀ ਰਲਾ ਇਕ ਦੂਜੇ ਦੇ ਘਰ ਭੇਜ ਦਿੱਤੀ ਜਾਂਦੀ ਹੈ।), ਧਾਰ ਦੇਣ ਦੀ ਰਸਮ (ਪਹਿਲਾਂ ਪਹਿਲ ਕਬੀਲੇ ਵਿਚ ਬਰਾਤ ਚੜ੍ਹਨ ਤੋਂ ਪਹਿਲਾਂ ਲੜਕਾ ਬੱਕਰੇ ਦੀ ਧਾਰ ਦਿੰਦਾ ਸੀ। ਇਹ ਰਸਮ ਵਰਤਮਾਨ ਸਮੇਂ ਤਕ ਆਪਣਾ ਰੂਪ ਬਦਲ ਚੁੱਕੀ ਹੈ ਅਤੇ ਹੁਣ ਬਹੁਤ ਘੱਟ ਲੋਕ ਇਹ ਰਸਮ ਆਪਣੇ ਪਰੰਪਰਿਕ ਵਿਧੀ ਵਿਧਾਨ ਨਾਲ ਅਦਾ ਕਰਦੇ ਹਨ। ਕਿਉਂਕਿ ਮੁੱਖ ਧਾਰਾ ਦੇ ਪ੍ਰਭਾਵ ਕਾਰਨ ਅਤੇ ਕਬੀਲਾ ਲੋਕਾਂ ਵਿਚ ਸਿੱਖਿਆ ਦੇ ਪਸਾਰ ਕਾਰਨ ਨਵੀਂ ਪੀੜ੍ਹੀ ਇਸ ਰਸਮ ਨੂੰ ਛੱਡ ਰਹੀ ਹੈ।), ਢੁਕਾਅ ਸਮੇਂ ਛੁਹਾਰ ਲਾਉਣ ਦੀ ਰਸਮ, ਪੁੱਛ ਦੱਸ ਦੀ ਰਸਮ, ਕਰਨੀ ਕਰਨਾ, ਥਾਪਨਾ ਲਾਉਣੀ, ਛੱਪੜੀ ਦੇ ਫੇਰੇ ਕਰਨਾ ਅਤੇ ਗੋਤ ਕਨਾਲੇ ਦੀ ਰਸਮ ਦੌਰਾਨ ਜਠੇਰਿਆਂ ਦੀ ਘਿਓ ਅਤੇ ਅੱਗ ਬਾਲ ਕੇ ਪੂਜਾ ਕਰਨ ਦੀਆਂ ਰਸਮਾਂ ਆਪਣੇ ਵਿਲੱਖਣ ਕਬੀਲਾਈ ਵਿਧੀ ਵਿਧਾਨ ਕਰਕੇ ਪੰਜਾਬੀ ਸਭਿਆਚਾਰ ਅਤੇ ਹੋਰ ਕਬੀਲਾ ਸਮੂਹਾਂ ਦੀਆਂ ਰਸਮਾਂ ਨਾਲੋਂ ਅੰਤਰ ਤੇ ਵਿਚਰਦੀਆਂ ਹਨ। ਸਿਕਲੀਗਰ ਕਬੀਲੇ ਦੀਆਂ ਕੋਲ ਪੜੋਸੇ ਵਿਆਹ, ਵੱਟੇ

ਸੱਟੇ ਦੇ ਵਿਆਹ, ਮੰਗਣੀ ਦੀ ਰਸਮ, ਤੀਰ ਫੜਾਉਣ ਤੇ ਠੰਡੇ ਕਰਨ ਦੀ ਰਸਮ, ਮਿਲਣੀ ਸਮੇਂ ਆਰਤੀ ਉਤਾਰਨ ਅਤੇ ਚਿੜੀਆਂ ਫੁੰਡਣ ਦੀ ਰਸਮ, ਵੇਦੀ ਦੇ ਫੇਰਿਆਂ ਅਤੇ ਵੇਦੀ ਵਿਚ ਹੀ ਗਾਨਾ ਖੋਲਣ ਦੀ ਰਸਮ, "ਸਿਕਲੀਗਰ ਕਬੀਲੇ ਵਿਚ ਫੇਰਿਆਂ ਤੋਂ ਬਾਅਦ ਦੂਲ੍ਹਾ ਦੁਹਲਨ ਨੂੰ ਕੰਗਣਾ ਖੇਡਣ (ਖੋਹਲਣ) ਲਈ ਕਿਹਾ ਜਾਂਦਾ ਹੈ। ਕੰਗਣਾ ਵੇਦੀ ਦੀ ਚੁਖੰਡੀ ਵਿਚ ਹੀ ਖੇਡਦੇ ਹਨ। ... ਪੰਜਾਬੀ ਸਭਿਆਚਾਰ ਵਿਚ ਕੰਗਣਾ ਖੋਲ੍ਹਣ ਦੀ ਰਸਮ ਵਹੁਟੀ ਦੇ ਸਹੁਰੇ ਆ ਜਾਣ ਉਪਰੰਤ ਕੀਤੀ ਜਾਂਦੀ ਹੈ ਪਰ ਕਬੀਲੇ ਵਿਚ ਵੇਦੀ ਉੱਤੇ ਹੀ ਖੇਡੀ ਜਾਂਦੀ ਹੈ।"[12] ਚਾਰੀਆਂ ਦੇਣ, ਜਗਰਾਤਾ ਕੱਟਣ, ਤੀਰ ਠੰਡੇ ਕਰਨ ਦੀ ਰਸਮ, ਇਹ "ਵਿਆਹ ਦੀ ਆਖਰੀ ਰਸਮ ਤੀਰ ਠੰਡੇ ਕਰਨਾ ਹੈ। ਮੁੰਡਾ ਕੁੜੀ ਕਬੀਲੇ ਦੀਆਂ ਇਸਤਰੀਆਂ ਸੰਗ ਕਿਸੇ ਵਗਦੇ ਪਾਣੀ ਕਿਨਾਰੇ ਜਾਂਦਾ ਹੈ ਅਤੇ ਹੱਥੀਂ ਫੜੇ ਤੀਰਾਂ ਨੂੰ ਪਾਣੀ ਵਿਚ ਡੋਬ ਕੇ ਠੰਡਿਆ ਕਰਦਾ ਹੈ।"[13] ) ਇਸ ਤੋਂ ਇਲਾਵਾ ਬਰਮਾਲਾ ਲੁੱਟਣ ਦੀ ਰਸਮ ਅਤੇ 'ਘੜੋਲੀ ਦੀ ਰਸਮ' (ਕੰਮ ਨੂੰ ਹੱਥ ਲਵਾਉਣ ਸਮੇਂ) ਆਦਿ ਰਸਮਾਂ ਸਿਕਲੀਗਰ ਕਬੀਲੇ ਦੀਆਂ ਆਪਣੀ ਵਿਲੱਖਣ ਸਭਿਆਚਾਰਕ ਪਰੰਪਰਾ ਨੂੰ ਰੂਪਮਾਨ ਕਰਦੀਆਂ ਰਸਮਾਂ ਹਨ। ਕਬੀਲਾ ਸਭਿਆਚਾਰ ਵਿਚ ਵਿਆਹ ਦੀਆਂ ਰਸਮਾਂ ਦਾ ਨਿਭਾਅ ਆਪਣੀ ਪੂਰੀ ਧਾਰਮਿਕ ਸੁੱਚਤਾ ਅਤੇ ਕਬੀਲਾ ਪਰੰਪਰਾ ਨਾਲ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪੰਜਾਬੀ ਸਭਿਆਚਾਰ ਅਤੇ ਵੱਖ-ਵੱਖ ਕਬੀਲਾ ਸਮੂਹ ਦੀਆਂ ਆਪਸੀ ਜਨਮ ਅਤੇ ਵਿਆਹ ਦੀਆਂ ਰਸਮਾਂ ਦੀ ਵਿਲੱਖਣਤਾ ਕਈ ਪੱਖਾਂ ਤੋਂ ਰੂਪਮਾਨ ਹੁੰਦੀ ਹੈ। ਇਸਦੇ ਨਾਲ ਹੀ ਆਧੁਨਿਕ ਵਿਸ਼ਵੀਕਰਨ ਅਤੇ ਮੰਡੀਕਰਨ ਦੇ ਦੌਰ ਨੇ ਲੋਕਾਂ ਦੀ ਆਤਮ ਨਿਰਭਰਤਾ ਨੂੰ ਪੂਰੀ ਤਰ੍ਹਾਂ ਖ਼ਤਮ ਕਰ ਦਿੱਤਾ ਹੈ। ਵੱਖ-ਵੱਖ ਵਰਗਾਂ ਦੇ ਲੋਕ ਇਕ ਦੂਜੇ ਦੇ ਸੰਪਰਕ ਵਿਚ ਆਉਂਦੇ ਰਹਿੰਦੇ ਹਨ ਜਿਸ ਨਾਲ ਉਨ੍ਹਾਂ ਦਾ ਏਕੀਕਰਨ ਅਤੇ ਸਭਿਆਚਾਰੀਕਰਨ ਹੋ ਰਿਹਾ ਹੈ ਅਤੇ ਵੱਖ-ਵੱਖ ਸਮੂਹਾਂ ਦੇ ਸਭਿਆਚਾਰ ਉੱਤੇ ਮੁੱਖਧਾਰਾ ਦੇ ਸਭਿਆਚਾਰ ਦਾ ਪ੍ਰਭਾਵ ਪੈ ਰਿਹਾ ਹੈ। ਜਿਵੇਂ ਪੰਜਾਬੀ ਸਭਿਆਚਾਰ ਵਿਚ ਪੱਛਮੀ ਸਭਿਆਚਾਰ ਦੇ ਪ੍ਰਭਾਵ ਕਰਕੇ ਪੈਲੇਸ ਸਿਸਟਮ, ਡੀ.ਜੇ. ਨਾਚ, ਰਿੰਗ ਸੇਰੇਮਨੀ, ਰੀਸੈਪਸ਼ਨ ਪਾਰਟੀ ਆਦਿ ਰਸਮਾਂ ਪ੍ਰਵੇਸ਼ ਕਰ ਰਹੀਆਂ ਹਨ। ਉਸੇ ਤਰ੍ਹਾਂ ਕਬੀਲਾ ਸਮੂਹਾਂ ਵਿਚ ਵੀ ਪੰਜਾਬੀ ਸਭਿਆਚਾਰ ਦੀ ਨੇੜਤਾ, ਮੀਡੀਏ ਦੇ ਪ੍ਰਭਾਵ ਅਤੇ ਮੰਡੀਕਰਨ ਦੇ ਦੌਰ ਕਾਰਨ ਕੁਝ ਰਸਮਾਂ ਵਿਚ ਬਦਲਾਅ ਆਇਆ ਹੈ।

ਅੰਤ ਵਿਚ ਇਹ ਵੀ ਜ਼ਿਕਰਯੋਗ ਹੈ ਕਿ ਆਧੁਨਿਕੀਕਰਨ, ਸ਼ਹਿਰੀਕਰਨ, ਤਕਨਾਲੋਜੀ, ਮੀਡੀਆ ਅਤੇ ਸਿੱਖਿਆ ਤੰਤਰ ਦੇ ਇਸ ਨਵੇਂ ਯੁੱਗ ਵਿਚ ਜਿੱਥੇ ਪੰਜਾਬੀ ਸਭਿਆਚਾਰ ਦੇ ਲੋਕ ਆਪਣੇ ਰਸਮੀ ਵਰਤਾਰੇ ਤਹਿਤ ਪੱਛਮੀ ਅਤੇ ਸ਼ਹਿਰੀ ਕਲਚਰ ਤੋਂ ਪ੍ਰਭਾਵਿਤ ਹੋਏ ਹਨ ਉੱਥੇ ਪੰਜਾਬ ਵਿਚ ਵੱਸਦੇ ਵੱਖ-ਵੱਖ ਕਬੀਲਾ ਸਮੂਹ ਆਰਥਿਕਤਾ ਪੱਖੋਂ ਪੰਜਾਬੀ ਸਭਿਆਚਾਰ ਦੇ ਲੋਕਾਂ ਨਾਲ ਲਗਾਤਾਰ ਸੰਪਰਕ ਵਿਚ ਰਹਿਣ ਕਰਕੇ ਪੰਜਾਬੀ ਸਭਿਆਚਾਰ ਦੀਆਂ ਰਸਮਾਂ ਤੋਂ ਪ੍ਰਭਾਵਿਤ ਹੋਏ ਹਨ। ਜਿਸ ਕਰਕੇ ਇਨ੍ਹਾਂ ਕਬੀਲਾ ਸਮੂਹਾਂ ਦੀਆਂ ਜਨਮ ਅਤੇ ਵਿਆਹ ਦੀਆਂ ਕਈ ਰਸਮਾਂ ਸਮਕਾਲੀ ਦੌਰ ਵਿਚ ਪੰਜਾਬੀ ਸਭਿਆਚਾਰਕ ਰੰਗਤ ਦੇ ਜ਼ਿਆਦਾ ਨੇੜੇ ਦਿਖਾਈ ਦਿੰਦੀਆਂ ਹਨ। ਪਰ ਫਿਰ ਵੀ ਕਬੀਲਾ ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਦੇ ਨਿਕਟ ਅਧਿਐਨ ਤੋਂ ਇਨ੍ਹਾਂ ਦੀ ਰਸਮੀਂ ਵਿੱਲਖਣਤਾ ਨੂੰ ਵੀ ਪਛਾਣਿਆ ਜਾ ਸਕਦਾ ਹੈ। ਖੋਜ ਪੇਪਰ ਲਿਖਣ ਦੀ ਸ਼ਬਦੀ ਸੀਮਾ ਹੋਣ ਕਰਕੇ ਕੁਝ ਰਸਮਾਂ ਸਬੰਧੀ ਵੇਰਵੇ ਅਛੋਹ ਰਹਿ ਗਏ ਹਨ ਜਿਸ ਕਰਕੇ ਮੈਂ ਪਾਠਕਾਂ ਤੋਂ ਅਗਾਉ ਹੀ ਖਿਮਾ ਦੀ ਜਾਚਕ ਹਾਂ। ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੂੰਜੀਵਾਦ ਦੇ ਇਸ ਦੌਰ ਵਿਚ ਹਰ ਕੋਈ ਆਪਣੇ ਆਪ ਨੂੰ ਆਰਥਿਕ ਪੱਖੋਂ ਮਜ਼ਬੂਤ ਕਰਨ ਅਤੇ ਆਪਣੇ ਜੀਵਨ ਪੱਧਰ ਨੂੰ ਸੁਧਾਰਨ ਅਤੇ ਆਧੁਨਿਕ ਦਿਖਾਉਣ ਦੇ ਰੌਅ ਵਿਚ ਹੈ। ਜਿਸ ਕਰਕੇ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਭਿਆਚਾਰ ਦੇ ਜਿਨ੍ਹਾਂ ਲੋਕਾਂ ਨੇ ਆਪਣੀ ਆਰਥਿਕ ਸਥਿਤੀ ਨੂੰ ਮਜ਼ਬੂਤ ਕਰ ਲਿਆ ਹੈ ਉਨ੍ਹਾਂ ਵਿਚ ਪਰੰਪਰਿਕ ਸਭਿਆਚਾਰ ਵਿਚ ਰਸਮੀ ਬਦਲਾਅ ਜ਼ਿਆਦਾ ਹਨ। ਪਰੰਤੂ ਆਰਥਿਕ ਪੱਖੋਂ ਕਮਜ਼ੋਰ ਵਰਗਾਂ ਵਿਚ ਵਰਤਮਾਨ ਦੌਰ ਤੱਕ ਵੀ ਆਪਣੀਆਂ ਪਰੰਪਰਿਕ ਰਸਮਾਂ ਦਾ ਨਿਭਾਅ ਕਾਫ਼ੀ ਹੱਦ ਤਕ ਜਾਰੀ ਹੈ ਅਤੇ ਇਨ੍ਹਾਂ ਵਿਚੋਂ ਪੰਜਾਬੀ ਸਭਿਆਚਾਰ ਅਤੇ ਕਬੀਲਾ ਸਮਾਜ ਦੀ ਸਭਿਆਚਾਰਕ ਵਿੱਲਖਣਤਾ ਨੂੰ ਵਿਸ਼ੇਸ਼ ਰੂਪ ਵਿਚ ਪਛਾਣਿਆ ਜਾ ਸਕਦਾ ਹੈ।

**ਹਵਾਲੇ ਤੇ ਟਿੱਪਣੀਆਂ**

1. ਜਸਵਿੰਦਰ ਸਿੰਘ (ਡਾ.), ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੰਨਾ 06
2. ਗੁਰਬਖ਼ਸ਼ ਸਿੰਘ ਫ਼ਰੈਂਕ (ਡਾ.), ਸਭਿਆਚਾਰ ਤੇ ਪੰਜਾਬੀ ਸਭਿਆਚਾਰ, ਪੰਨਾ 10
3. ਗੁਰਜੀਤ ਸਿੰਘ, ਸਭਿਆਚਾਰ ਦਾ ਫਸਲਫ਼ਾ, ਪੰਨਾ 03
4. ਮੋਹਨ ਤਿਆਗੀ (ਡਾ.), ਬਾਜ਼ੀਗਰ ਕਬੀਲੇ ਦਾ ਸਭਿਆਚਾਰ, ਪੰਨਾ 25-26

5. ਦਰਿਆ (ਡਾ.), ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ, ਪੰਨਾ 77-78
6. ਕਿਰਪਾਲ ਕਜਾਕ, ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ, ਪੰਨਾ 43
7. ਕਿਰਪਾਲ ਕਜਾਕ, ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ, ਪੰਨਾ 55
8. ਦਰਿਆ (ਡਾ.), ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ , ਪੰਨਾ 40-41
9. ਦਰਿਆ (ਡਾ.), ਉਹੀ, ਪੰਨਾ 41-42
10. ਕਿਰਪਾਲ ਕਜਾਕ, ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 154-155
11. ਦਰਿਆ (ਡਾ.), ਉਹੀ , ਪੰਨਾ-56
12. ਕਿਰਪਾਲ ਕਜਾਕ, ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 157
13. ਉਹੀ, ਪੰਨਾ 160